# ਘਰੇਲੂ ਹਿੰਸਾ:

## ਸਿਵਿਲ (ਦੀਵਾਨੀ) ਕਾਰਵਾਈ ਅਤੇ ਕ੍ਰਿਮੀਨਲ ਰੋਕਾਂ ਲਗਾਉਣ ਬਾਰੇ ਜਾਣਕਾਰੀ

February 2003 (reprinted March 2007)

Domestic Violence
A guide to civil remedies and
criminal sanctions

Punjabi

## ਵਿਸ਼ੇ ਵਸਤੂ


**ਮੁੱਖਬੰਧ** 1

**ਜਾਣ ਪਛਾਣ** 2

**ਪਹਿਲਾ ਹਿੱਸਾ : ਸਿਵਿਲ (ਦੀਵਾਨੀ) ਕਾਰਵਾਈਆਂ** 4

ਫ਼ੈਮਿਲੀ ਲਾਅ ਐਕਟ 1996 ਦਾ ਹਿੱਸਾ 4 4

ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ 1997 (ਸਿਵਿਲ) 16

ਸਿਵਿਲ ਪਾਰਟਨਰਸ਼ਿਪ ਐਕਟ 2004 18

ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004 18

**ਦੂਸਰਾ ਹਿੱਸਾ: ਬੱਚੇ** 20

ਚਿਲਡਰਨ ਐਕਟ 1989 20

ਅਡੌਪਸ਼ਨ ਐਂਡ ਚਿਲਡਰਨ ਐਕਟ 2002 20

ਚਿਲਡਰਨ ਐਕਟ 2004 20

ਚਿਲਡਰਨ ਐਂਡ ਅਡੌਪਸ਼ਨ ਐਕਟ 2006 21

**ਤੀਸਰਾ ਹਿੱਸਾ: ਕ੍ਰਿਮੀਨਲ ਰੋਕਾਂ ਜਾਂ ਮਨਾਹੀਆਂ** 22

ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ 1997 (ਕ੍ਰਿਮੀਨਲ) 31

ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004 32

**ਚੌਥਾ ਹਿੱਸਾ: ਮਦਦ ਦੇਣ ਦੇ ਹੋਰ ਸੰਬੰਧਤ ਪ੍ਰਬੰਧ** 34

ਹਾਊਜ਼ਿੰਗ ਐਕਟ 1996 34

ਸੈਂਕਚੁਅਰੀ (ਆਸਰਾ ਦੇਣ ਦੀਆਂ) ਸਕੀਮਾਂ 34

ਇੰਮੀਗਰੇਸ਼ਨ ਦਰਜਾ ਅਤੇ ਸਰਕਾਰੀ ਪੈਸੇ 34

ਪੁਲਿਸ ਰਿਫ਼ੌਰਮ ਐਕਟ 2002 - ਘਰੇਲੂ ਹਿੰਸਾ ਅਤੇ ਸਿਹਤ 35

ਐਜੂਕੇਸ਼ਨ ਐਕਟ 2002 36

ਅੰਤਿਕਾ ਏ 37
ਐਸੋਸੀਏਟਡ (ਸੰਬੰਧਤ) ਵਿਅਕਤੀ ਕੌਣ ਹੁੰਦਾ ਹੈ?

ਅੰਤਿਕਾ ਬੀ 40
ਖ਼ਤਰੇ ਵਿਚ ਪੈ ਸਕਣ ਵਾਲੇ ਅਤੇ ਡਰਾਏ ਧਮਕਾਏ ਜਾਣ ਵਾਲੇ
ਗਵਾਹਾਂ ਲਈ ਖ਼ਾਸ ਪ੍ਰਬੰਧ

ਅੰਤਿਕਾ ਸੀ 41
ਵਰਤੇ ਗਏ ਕੁਝ ਸ਼ਬਦਾਂ ਦੇ ਅਰਥ

ਅੰਤਿਕਾ ਡੀ 46
ਸ੍ਰੋਤਾਂ ਦੇ ਹਵਾਲੇ ਅਤੇ ਪੜ੍ਹਨ ਲਈ ਹੋਰ ਕਿਤਾਬਚੇ

## ਮੁੱਖਬੰਧ

ਸਭ ਤੋਂ ਪਹਿਲਾਂ 2003 ਵਿਚ ਛਪੀ ਇਸ ਗਾਈਡ ਦਾ ਦੂਸਰਾ ਐਡੀਸ਼ਨ ਛਾਪਣਾ ਐਚ ਐਮ ਸੀ ਐੱਸ ਲਈ ਬੜੀ ਖ਼ੁਸ਼ੀ ਦੀ ਗੱਲ ਹੈ। ਇਸ ਨਵੀਂ ਗਾਈਡ ਵਿਚ ਉਹਨਾਂ ਕਈ ਤਬਦੀਲੀਆਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ ਜੋ ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004 ਅਤੇ ਹੋਰ ਕਈ ਕਾਰਨਾਂ ਕਰਕੇ ਆਈਆਂ।

ਅਸੀਂ ਇਕ ਡੀ ਵੀ ਡੀ *'You don't Have to Live in Fear'* *(ਤੁਹਾਨੂੰ ਡਰ ਡਰ ਕੇ ਜੀਉਣ ਦੀ ਕੋਈ ਲੋੜ ਨਹੀਂ)* ਵੀ ਤਿਆਰ ਕੀਤੀ ਹੈ। ਇਸ ਫ਼ਿਲਮ ਦਾ ਮੰਤਵ ਇੰਟਰਵਿਊਆਂ (ਗੱਲਬਾਤ) ਅਤੇ ਨਾਟਕੀ ਸੀਨਾਂ ਰਾਹੀਂ ਉਹਨਾਂ ਲੋਕਾਂ ਨੂੰ ਸੂਝ ਬੂਝ ਦੇਣਾ ਹੈ ਜੋ ਫ਼ੈਮਿਲੀ ਕੋਰਟਾਂ ਵਿਚ ਸਿਵਿਲ ਇੰਜੰਕਸ਼ਨਾਂ (ਦੀਵਾਨੀ ਰੋਕਾਂ) ਲਈ ਅਰਜ਼ੀ ਦੇਣਾ ਚਾਹੁੰਦੇ ਹਨ। ਇਹਦਾ ਮੰਤਵ ਸੇਵਾਵਾਂ ਦੇਣ ਵਾਲਿਆਂ ਨੂੰ ਵੀ ਇਹ ਦੱਸਣਾ ਹੈ ਕਿ ਘਰੇਲੂ ਹਿੰਸਾ ਦਾ ਅਸਰ ਕਿੰਨਾ ਦੂਰ ਦੂਰ ਤਕ ਹੋ ਸਕਦਾ ਹੈ, ਅਤੇ ਇਹ ਅਸਰ ਕਿਸੇ ਇਕ ਵਿਅਕਤੀ ’ਤੇ, ਉਹਦੇ ਪਰਿਵਾਰ ’ਤੇ, ਅਤੇ ਕਮਿਊਨਿਟੀ ਦੀ ਜ਼ਿੰਦਗੀ ’ਤੇ ਪੈ ਸਕਦਾ ਹੈ।

ਸਾਨੂੰ ਆਸ ਹੈ ਕਿ ਜਿਹਨਾਂ ਸ੍ਰੋਤਾਂ ਦਾ ਹਵਾਲਾ ਦਿੱਤਾ ਗਿਆ ਹੈ ਉਹ ਅਜਿਹੇ ਲੋਕਾਂ ਲਈ ਮਦਦਗਾਰ ਸਾਬਤ ਹੋਣਗੇ ਜੋ ਇਸ ਖੇਤਰ ਵਿਚ ਸੇਵਾਵਾਂ ਜਾਂ ਸਿਖਲਾਈ ਦੇਣ ਦਾ ਕੰਮ ਕਰਦੇ ਹਨ।

**ਘਰੇਲੂ ਹਿੰਸਾ ਦਾ ਅਸਰ ਅਤੇ ਨੁਕਸਾਨ ਸਭ ਸਮਾਜਕ ਸ਼੍ਰੇਣੀਆਂ ਨੂੰ ਹੁੰਦਾ ਹੈ। ਇਹ ਅਸਰ ਸਿਰਫ਼ ਸੰਬੰਧਤ ਪਰਿਵਾਰਾਂ ’ਤੇ ਹੀ ਨਹੀਂ ਸਗੋਂ ਸਮੁੱਚੇ ਸਮਾਜ ’ਤੇ ਪੈਂਦੇ ਹਨ। ਸਾਨੂੰ ਘਰੇਲੂ ਹਿੰਸਾ ਦਾ ਮੁੱਲ ਤਾਰਨਾ ਅਤੇ ਨਤੀਜਿਆਂ ਨੂੰ ਭੁਗਤਣਾ ਪੈਂਦਾ ਹੈ - ਸਿਰਫ਼ ਸਰਕਾਰੀ ਪੈਸੇ ਨਾਲ ਹੀ ਨਹੀਂ, ਸਗੋਂ ਇਹਦਾ ਨਿਸ਼ਾਨਾ ਬਣਨ ਵਾਲੇ ਲੋਕਾਂ ’ਤੇ ਬੱਚਿਆਂ ’ਤੇ ਪੈਣ ਵਾਲੇ ਸਮਾਜਕ ਅਸਰਾਂ ਦੇ ਰੂਪ ਵਿਚ ਵੀ ਜਿਹਨਾਂ ਦੀਆਂ ਪੜ੍ਹਾਈ ਵਿਚ ਪ੍ਰਾਪਤੀਆਂ ਮਾੜੀਆਂ ਹੁੰਦੀਆਂ ਹਨ ਅਤੇ ਉਹ ਸਮਾਜਕ ਤੌਰ ’ਤੇ ਅਲਗ ਥਲਗ ਪੈ ਜਾਂਦੇ ਹਨ। ਇੱਕੀਵੀਂ ਸਦੀ ਵਿਚ, ਇਹ ਜਾਣ ਕੇ ਬੜਾ ਦੁੱਖ ਹੁੰਦਾ ਹੈ ਕਿ ਹਰ ਹਫ਼ਤੇ ਘਰੇਲੂ ਹਿੰਸਾ ਕਾਰਣ ਦੋ ਔਰਤਾਂ ਦੀ ਮੌਤ ਹੋ ਜਾਂਦੀ ਹੈ, ਅਤੇ ਹਿੰਸਕ ਜੁਰਮਾਂ ਵਿਚੋਂ 17% ਜੁਰਮ ਘਰੇਲੂ ਹਿੰਸਾ ਨਾਲ ਜੁੜੇ ਹੁੰਦੇ ਹਨ।**

**ਸਮਾਜਕ ਤੌਰ ’ਤੇ ਸਾਨੂੰ ਹੁਣ ਅਜਿਹੇ ਵਤੀਰੇ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਰਹਿਣਾ ਚਾਹੀਦਾ ਅਤੇ ਇਹਦਾ ਨਿਸ਼ਾਨਾ ਬਣਨ ਵਾਲਿਆਂ ਅਤੇ ਇਹ ਕੰਮ ਕਰਨ ਵਾਲਿਆਂ ਦੋਹਾਂ ਨੂੰ ਸਪਸ਼ਟ ਸੁਨੇਹਾ ਭੇਜਣਾ ਚਾਹੀਦਾ ਹੈ ਕਿ ਘਰੇਲੂ ਹਿੰਸਾ ਵਾਲੇ ਕੰਮਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਪਰ ਸਾਨੂੰ ਇਹਤੋਂ ਵੀ ਅਗਾਂਹ ਜਾਣਾ ਚਾਹੀਦਾ ਹੈ - ਅਤੇ ਅਸੀਂ ਜਾਵਾਂਗੇ ਵੀ। ਸਾਨੂੰ ਚਾਹੀਦਾ ਹੈ ਕਿ ਅਸੀਂ ਲੋਕਾਂ ਨੂੰ ਇਹਦੇ ਬਾਰੇ ਜਾਗਰੂਕ ਕਰੀਏ; ਲੋੜੀਂਦੀ ਸਲਾਹ ਅਤੇ ਮਦਦ ਲੈਣ ਵਿਚ ਪੀੜਿਤ ਲੋਕਾਂ ਦੀ ਮਦਦ ਕਰੀਏ; ਇਹ ਆਸ ਰਖੀਏ ਕਿ ਇਸ ਮਸਲੇ ਨਾਲ ਨਿਪਟਣ ਵਾਲੇ ਕਰਮਚਾਰੀਆਂ ਕੋਲ ਵਧੀਆ ਸਿਖਲਾਈ ਅਤੇ ਸੂਝ ਬੂਝ ਹੋਵੇ; ਇਹ ਯਕੀਨੀ ਬਣਾਈਏ ਕਿ ਅਦਾਲਤੀ ਪ੍ਰਬੰਧ ਪੀੜਿਤਾਂ ਦੀ ਮਦਦ ਕਰੇ। ਇਹਨਾਂ ਮੰਤਵਾਂ ਦੀ ਪੂਰਤੀ ਲਈ, ਸਰਕਾਰ ਦੇ ਸਭ ਹਿੱਸਿਆਂ ਵਿਚ ਕੰਮ ਕਾਜ ਦੇ ਇਕ ਪ੍ਰੋਗਰਾਮ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਇਹ ਦੇਖਣਾ ਸਾਡੀ ਖ਼ਾਸ ਜ਼ਿੰਮੇਦਾਰੀ ਹੈ ਕਿ ਇਸ ਸਿਸਟਮ (ਪ੍ਰਬੰਧ) ਵਿਚ ਘਰੇਲੂ ਹਿੰਸਾ ਦੇ ਪੀੜਿਤ ਲੋਕਾਂ ਨਾਲ ਕੀ ਵਤੀਰਾ ਹੁੰਦਾ ਹੈ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਘਰੇਲੂ ਹਿੰਸਾ ਦੇ ਪੀੜਿਤ ਲੋਕਾਂ ਦੇ ਬਚਾਓ ਦਾ ਝੱਟਪਟ ਪ੍ਰਬੰਧ ਹੋਵੇ ਅਤੇ ਇਹ ਜੁਰਮ ਕਰਨ ਵਾਲਿਆਂ ਨਾਲ ਕਾਨੂੰਨ ਨਿਪਟੇ।**

**ਮਾਰਚ 2007**

## ਜਾਣ ਪਛਾਣ

ਇਸ ਗਾਈਡ ਵਿਚ ਦੱਸਿਆ ਗਿਆ ਹੈ ਕਿ ਇਸ ਵੇਲੇ ਤੁਸੀਂ ਅਦਾਲਤਾਂ ਵਿਚ ਘਰੇਲੂ ਹਿੰਸਾ ਦੇ ਪੀੜਿਤ ਲੋਕਾਂ ਦੇ ਹੱਕ ਵਿਚ ਕੀਤੀ ਜਾ ਸਕਣ ਵਾਲੀ ਕਿਹੜੀ ਦੀਵਾਨੀ ਕਾਰਵਾਈ ਕਰ ਸਕਦੇ ਹੋ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮ ਐਕਟ 2004 ਦੀਆਂ ਕਿਹੜੀਆਂ ਗੱਲਾਂ ਇਸ ਵੇਲੇ ਲਾਗੂ ਹਨ ਅਤੇ ਕਿਹੜੀਆਂ 1 ਜੁਲਾਈ 2007 ਤੋਂ ਲਾਗੂ ਹੋਣਗੀਆਂ। ਇਹ ਗਾਈਡ ਕਾਨੂੰਨੀ ਅਤੇ ਵਾਲੰਟਰੀ ਸੇਵਾਵਾਂ ਦੇਣ ਵਾਲਿਆਂ ਲਈ ਹੈ ਜੋ ਘਰੇਲੂ ਹਿੰਸਾ ਦੇ ਨਤੀਜਿਆਂ ਨਾਲ ਨਿਪਟਦੇ ਹਨ। ਇਹ ਆਮ ਪਬਲਿਕ ਦੇ ਲੋਕਾਂ ਦੀ ਸਵੈ-ਮਦਦ ਕਰਨ ਲਈ ਤਿਆਰ ਨਹੀਂ ਕੀਤੀ ਗਈ। ਇਹਦੇ ਨਾਲ ਆਉਣ ਵਾਲੀ ਡੀ ਵੀ ਡੀ *'You don't Have to Live in Fear' (ਤੁਹਾਨੂੰ ਡਰ ਡਰ ਕੇ ਜੀਉਣ ਦੀ ਕੋਈ ਲੋੜ ਨਹੀਂ)* ਉਹਨਾਂ ਲੋਕਾਂ ਦੀ ਮਦਦ ਕਰੇਗੀ ਜੋ ਬਿਨੈਕਾਰਾਂ ਦੀ ਫ਼ੈਮਿਲੀ ਕੋਰਟਾਂ ਦੇ ਕੰਮ ਵਿਚ ਮਦਦ ਕਰਦੇ ਹਨ। ਰਹਿਨੁਮਾਈ ਅਤੇ ਪਰਚੇ ਲੈਣ ਬਾਰੇ ਹੋਰ ਜਾਣਕਾਰੀ ਅੰਤਿਕਾ ਡੀ ਵਿਚ ਦਿੱਤੀ ਗਈ ਹੈ।

### ਅਸੀਂ ਘਰੇਲੂ ਹਿੰਸਾ ਦੀ ਪਰਿਭਾਸ਼ਾ ਕੀ ਦਿੰਦੇ ਹਾਂ?

ਜਿਹੜੀ ਪਰਿਭਾਸ਼ਾ ਇੰਟਰ-ਮਿਨਿਸਟੀਰੀਅਲ ਗੁਰਪ ਔਨ ਡੋਮੈਸਟਿਕ ਵਾਇਓਲੈਂਸ ਨੇ ਮੰਨੀ ਹੈ ਅਤੇ ਜਿਹਦੀ ਵਰਤੋਂ ਐਸੋਸੀਏਸ਼ਨ ਆੱਫ਼ ਚੀਫ਼ ਪੋਲੀਸ ਆਫ਼ਿਸਰਜ਼ ਕਰਦੀ ਹੈ, ਉਹ ਇਹ ਹੈ:

'ਉਹਨਾਂ ਬਾਲਿਗ਼ਾਂ ਵਿਚਕਾਰ ਧਮਕੀ ਭਰੇ ਵਤੀਰੇ, ਹਿੰਸਾ ਜਾਂ ਬਦਸਲੂਕੀ (ਮਾਨਸਿਕ, ਸਰੀਰਕ, ਜਿਨਸੀ, ਆਰਥਿਕ ਜਾਂ ਜਜ਼ਬਾਤੀ) ਜਿਹੜੇ ਬਾਲਿਗ਼ ਨਜ਼ਦੀਕੀ ਸਾਥੀ ਜਾਂ ਪਰਿਵਾਰ ਦੇ ਲੋਕ[1] ਹਨ ਜਾਂ ਰਹੇ ਹਨ, ਉਹਨਾਂ ਦਾ ਲਿੰਗ ਅਤੇ ਜਿਨਸੀ ਝੁਕਾਓ ਭਾਵੇਂ ਕੋਈ ਵੀ ਹੋਵੇ।'

ਘਰੇਲੂ ਹਿੰਸਾ ਅਸਲ ਸਰੀਰਕ ਹਿੰਸਾ ਤੋਂ ਵੀ ਅਗਾਂਹ ਜਾ ਸਕਦੀ ਹੈ , ਅਤੇ ਇਸ ਵਿਚ ਮਾਨਸਿਕ ਬਦਸਲੂਕੀ, ਮਾਲ ਜਾਇਦਾਦ ਦੀ ਤਬਾਹੀ, ਦੋਸਤਾਂ, ਪਰਿਵਾਰ ਜਾਂ ਮਦਦ ਦੇਣ ਵਾਲੇ ਹੋਰ ਲੋਕਾਂ ਤੋਂ ਵੱਖਰੇ ਕਰਨਾ, ਪੈਸੇ, ਨਿਜੀ ਵਸਤਾਂ, ਖਾਣੇ, ਆਵਾਜਾਈ ਅਤੇ ਟੈਲੀਫ਼ੋਨ ਤਕ ਪਹੁੰਚ ਕਰਨ 'ਤੇ ਕਾਬੂ ਰੱਖਣਾ, ਪਿੱਛਾ ਕਰਨਾ ਵਗ਼ੈਰਾ ਵੀ ਸ਼ਾਮਿਲ ਹਨ। ਇਹ ਹਿੰਸਾ ਅਕਸਰ ਬੱਚੇ ਦੇਖਦੇ ਹਨ, ਅਤੇ ਔਰਤਾਂ ਨਾਲ ਅਤੇ ਬੱਚਿਆਂ ਨਾਲ ਹੋਣ ਵਾਲੀ ਹਿੰਸਾ (ਸਰੀਰਕ ਅਤੇ ਜਿਨਸੀ) ਵਿਚ ਕਈ ਸਾਂਝੀਆਂ ਗੱਲਾਂ ਹੁੰਦੀਆਂ ਹਨ। ਘਰੇਲੂ ਹਿੰਸਾ ਵਾਲੇ ਮਾਹੌਲ ਵਿਚ ਰਹਿਣ ਕਾਰਣ ਬੱਚਿਆਂ 'ਤੇ ਹੋਣ ਵਾਲੇ ਮਾੜੇ ਅਸਰ ਨੂੰ ਬੱਚਿਆਂ ਦੀ ਹਿਫ਼ਾਜ਼ਤ ਦੇ ਮੁੱਦੇ ਦੇ ਤੌਰ 'ਤੇ ਸਮਝਣਾ ਜ਼ਰੂਰੀ ਹੈ। ਇਹਨਾਂ ਦਾ ਸੰਬੰਧ ਪੜ੍ਹਾਈ ਵਿਚ ਮਾੜੀਆਂ ਪ੍ਰਾਪਤੀਆਂ, ਸਮਾਜਕ ਅਲਗ ਥਲਗਤਾ ਅਤੇ ਨੌਜਵਾਨਾਂ ਵਲੋਂ ਕੀਤੇ ਜਾਣ ਵਾਲੇ ਜੁਰਮਾਂ, ਨਸ਼ਿਆਂ ਦੀ ਦੁਰ-ਵਰਤੋਂ, ਮਾਨਸਿਕ ਸਿਹਤ ਦੀਆ ਸਮੱਸਿਆਵਾਂ ਬੇਘਰ ਹੋਣ ਅਤੇ ਘਰੋਂ ਭੱਜ ਜਾਣ ਨਾਲ ਹੈ। ਇਹ ਮੰਨਿਆ ਗਿਆ ਹੈ ਕਿ ਘਰੇਲੂ ਹਿੰਸਾ ਅਤੇ ਬਦਸਲੂਕੀ ਨਜ਼ਦੀਕੀ ਅਤੇ ਵਿਸਤ੍ਰਿਤ ਪਰਿਵਾਰ ਦੇ ਲੋਕਾਂ ਦੇ ਕੰਮਾਂ, ਜ਼ਬਰੀ ਵਿਆਹ ਵਰਗੇ ਗ਼ੈਰ-ਕਾਨੂੰਨੀ ਕੰਮਾਂ, ਅਖਾਉਤੀ 'ਇੱਜ਼ਤ ਨਾਲ ਸੰਬੰਧਤ ਜੁਰਮਾਂ' ਅਤੇ ਔਰਤਾਂ ਦੇ ਯੌਨ ਅੰਗਾਂ ਨੂੰ ਬਰਬਾਦ ਕਰਨ ਵਰਗੇ 'ਨੁਕਸਾਨਦੇਹ ਰਵਾਇਤੀ ਕੰਮਾਂ' ਰਾਹੀਂ ਵੀ ਪ੍ਰਗਟ ਹੋ ਸਕਦੀ ਹੈ। ਵਿਸਤ੍ਰਿਤ ਪਰਿਵਾਰ ਦੇ ਲੋਕ ਇਸ ਬਦਸਲੂਕੀ ਨੂੰ ਮੁਆਫ਼ ਕਰ ਸਕਦੇ ਹਨ ਜਾਂ ਇਹਦੇ ਵਿਚ ਹਿੱਸਾ ਵੀ ਪਾ ਸਕਦੇ ਹਨ।

ਬ੍ਰਿਟਿਸ਼ ਕ੍ਰਾਈਮ ਸਰਵੇਅ ਦੀ ਖੋਜ ਪੜਤਾਲ[2] ਤੋਂ ਪਤਾ ਲਗਦਾ ਹੈ ਕਿ ਜ਼ਿਆਦਾਤਰ ਘਰੇਲੂ ਹਿੰਸਾ ਮਰਦ ਲੋਕ ਔਰਤਾਂ ਨਾਲ ਕਰਦੇ ਹਨ। ਇਸ ਗਾਈਡ ਵਿਚ ਬਿਨੈਕਾਰਾਂ, ਨਿਸ਼ਾਨਾ ਬਣਨ ਵਾਲਿਆਂ, ਮੁਦਾਲਿਆਂ (ਜਵਾਬਦੇਹ ਧਿਰਾਂ), ਸ਼ੱਕੀ ਲੋਕਾਂ, ਮੁਜਰਿਮਾਂ ਅਤੇ/ਜਾਂ ਬਦਸਲੂਕੀ ਕਰਨ ਵਾਲਿਆਂ ਦੇ ਲਿੰਗ ਬਾਰੇ ਕੁਝ ਨਹੀਂ ਕਿਹਾ ਗਿਆ। ਪਰ ਅਸੀਂ ਮੰਨਦੇ ਹਾਂ ਕਿ ਮਰਦ ਅਤੇ ਸਮਲਿੰਗੀ ਸਾਥੀ ਵੀ ਘਰੇਲੂ ਹਿੰਸਾ ਦਾ ਨਿਸ਼ਾਨਾ ਬਣ ਸਕਦੇ ਹਨ। ਇਥੇ ਦਿੱਤੀ ਗਈ ਜਾਣਕਾਰੀ ਔਰਤਾਂ ਅਤੇ ਮਰਦਾਂ ਦੋਹਾਂ 'ਤੇ, ਹਰ ਕਿਸਮ ਦੇ ਜਿਨਸੀ ਝੁਕਾਓ ਅਤੇ ਸੱਭਿਆਚਾਰ ਵਾਲੇ ਲੋਕਾਂ 'ਤੇ ਲਾਗੂ ਹੁੰਦੀ ਹੈ। ਜਿੱਥੇ ਵੀ ਹੋ

[1] *ਪਰਿਵਾਰ ਦੇ ਲੋਕਾਂ ਦੀ ਪਰਿਭਾਸ਼ਾ ਇਹ ਹੈ:* ਮਾਤਾ, ਪਿਤਾ, ਪੁੱਤਰ, ਧੀ, ਭਰਾ, ਭੈਣ, ਦਾਦਾ, ਦਾਦੀ, ਨਾਨਾ, ਨਾਨੀ ਯਾਨੀ ਸਿੱਧੇ ਰਿਸ਼ਤੇਦਾਰ - ਜਾਂ ਸਹੁਰਿਆਂ ਵਿਚੋਂ ਰਿਸ਼ਤੇਦਾਰ ਜਾਂ ਮਤਰੇਏ ਰਿਸ਼ਤੇਦਾਰ

[2] Finney, A. Domestic violence. sexual assault and stalking: findings from the 2004/2005 British Crime Survey. Home Office Online Report 12/06

ਸਕਿਆ, ਅਸੀਂ ਖ਼ਾਸ ਸੇਵਾਵਾਂ ਕੋਲ ਨਾਂ ਭੇਜਣ ’ਤੇ ਜ਼ੋਰ ਦਿੱਤਾ ਹੈ, ਅਤੇ ਇਹਨਾਂ ਵਿਚੋਂ ਕੁਝ ਸੇਵਾਵਾਂ ਦੀ ਲਿਸਟ ਅੰਤਿਕਾ ਡੀ ਵਿਚ ਦਿੱਤੀ ਗਈ ਹੈ।

**ਬਚਾਓ ਲਈ ਕਿਹੜੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਕਿਹੜੀਆਂ ਰੋਕਾਂ ਲਗਵਾਈਆਂ ਜਾ ਸਕਦੀਆਂ ਹਨ?**

ਅਦਾਲਤਾਂ ਵਿਚ ਕਈ ਕੁਝ ਕੀਤਾ ਜਾ ਸਕਦਾ ਹੈ। ਘਰੇਲੂ ਹਿੰਸਾ ਤੋਂ ਬਚ ਨਿਕਲਣ ਵਾਲੇ ਕਈ ਰਾਹ ਚੁਣ ਸਕਦੇ ਹਨ, ਜੋ ਉਹਨਾਂ ਦੇ ਹਾਲਾਤ ’ਤੇ ਨਿਰਭਰ ਹੁੰਦੇ ਹਨ, ਜਿਵੇਂ:

- ਹਿੰਸਾ ਜਾਂ ਪਰੇਸ਼ਾਨੀ ਦੀ ਗੰਭੀਰਤਾ ਅਤੇ/ਜਾਂ ਕਿਸਮ:
- ਬਦਸਲੂਕੀ ਕਰਨ ਵਾਲੇ ਅਤੇ ਬਦਸਲੂਕੀ ਤੋਂ ਪੀੜਿਤ ਵਿਅਕਤੀ ਵਿਚਕਾਰ ਪਰਿਵਾਰਕ ਸੰਬੰਧ;
- ਮਾਲੀ ਮੁੱਦੇ, ਜਿਵੇਂ ਕਿ ਲੀਗਲ ਏਡ ਮਿਲ ਸਕਣਾ
- ਸਿਵਿਲ (ਦੀਵਾਨੀ) ਅਦਾਲਤਾਂ ਨਾਲੋਂ ਕ੍ਰਿਮੀਨਲ (ਫ਼ੌਜਦਾਰੀ) ਅਦਾਲਤਾਂ ਵਿਚ ਸਬੂਤ ਪੇਸ਼ ਕਰਨ ਦੀ ਵੱਧ ਸਖ਼ਤ ਜ਼ਿੰਮੇਦਾਰੀ। (ਕ੍ਰਿਮੀਨਲ ਕਾਰਵਾਈ ਦੌਰਾਨ ਕੋਈ ਕੇਸ “ਕਿਸੇ ਜਾਇਜ਼ ਸ਼ੱਕ” ਤੋਂ ਬਿਨਾਂ ਸਾਬਤ ਕਰਨਾ ਪੈਂਦਾ ਹੈ, ਪਰ ਸਿਵਿਲ ਕਾਰਵਾਈ ਦੌਰਾਨ ਅਦਾਲਤ ਆਪਣਾ ਫ਼ੈਸਲਾ “ਸੰਭਾਵਨਾਵਾਂ ਦੇ ਸੰਤੁਲਨ” ਅਨੁਸਾਰ ਕਰਦੀ ਹੈ);
- ਬਿਨੈਕਾਰ / ਨਿਸ਼ਾਨਾ ਬਣਨ ਵਾਲੇ ਦੀਆਂ ਇੱਛਾਵਾਂ ਕਿ ਉਹਨਾਂ ਨੂੰ ਕਾਨੂੰਨ ਤੋਂ ਕਿਹੜੀ ਹਿਫ਼ਾਜ਼ਤ ਚਾਹੀਦੀ ਹੈ; ਅਤੇ
- ਅਸਲ ਵਿਚ ਕਿਸ ਹਿਫ਼ਾਜ਼ਤ ਦੀ ਆਸ ਅਦਾਲਤ ਤੋਂ ਰੱਖੀ ਜਾਂਦੀ ਹੈ ਜਾਂ ਕੀ ਹਿਫ਼ਾਜ਼ਤ ਅਦਾਲਤ ਦੇ ਸਕਦੀ ਹੈ, ਅਤੇ ਮਦਦ ਲਈ ਕਿਹੜੀਆਂ ਸੇਵਾਵਾਂ ਮਿਲ ਸਕਦੀਆਂ ਹਨ।

ਇਸ ਗਾਈਡ ਦੇ ਪਹਿਲੇ ਹਿੱਸੇ ਵਿਚ ਦੱਸਿਆ ਗਿਆ ਹੈ ਕਿ ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲਾ/ਵਾਲੀ ਕਾਊਂਟੀ ਕੋਰਟਾਂ, ਫ਼ੈਮਿਲੀ ਪ੍ਰੋਸੀਡਿੰਗਾਂ (ਮੈਜਿਸਟ੍ਰੇਟਾਂ ਦੇ) ਕੋਰਟਾਂ, ਜਾਂ ਹਾਈ ਕੋਰਟ ਵਿਚ ਕਿਹੜੀ ਸਿਵਿਲ ਕਾਰਵਾਈ ਕਰ ਸਕਦਾ/ਸਕਦੀ ਹੈ।

ਦੂਸਰੇ ਹਿੱਸੇ ਵਿਚ ਦੱਸਿਆ ਗਿਆ ਹੈ ਕਿ ਜਿਹਨਾਂ ਕੇਸਾਂ ਵਿਚ ਬੱਚਿਆਂ ਨਾਲ ਸੰਪਰਕ ਕਰਨ / ਰਿਹਾਇਸ਼ੀ ਕੇਸਾਂ ਵਿਚ ਘਰੇਲੂ ਹਿੰਸਾ ਦਾ ਮਸਲਾ ਹੋਵੇ, ਉੱਥੇ ਕੀ ਮਦਦ ਮਿਲ ਸਕਦੀ ਹੈ।

ਤੀਸਰੇ ਹਿੱਸੇ ਵਿਚ ਦੱਸਿਆ ਗਿਆ ਹੈ ਕਿ ਕ੍ਰਿਮੀਨਲ ਕੋਰਟਾਂ, ਮੈਜਿਸਟ੍ਰੇਟ ਕੋਰਟਾਂ ਅਤੇ ਕ੍ਰਾਊਨ ਕੋਰਟਾਂ ਸਮੇਤ, ਵਿਚ ਕੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ।

ਚੌਥੇ ਹਿੱਸੇ ਵਿਚ ਕੁਝ ਹੋਰ ਸੰਬੰਧਤ ਕਾਨੂੰਨਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਹਨਾਂ ਦਾ ਅਸਰ ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲਿਆਂ ਅਤੇ ਇਹ ਹਿੰਸਾ ਕਰਨ ਵਾਲਿਆਂ ’ਤੇ ਪੈ ਸਕਦਾ ਹੈ, ਜਿਵੇਂ ਕਿ ਘਰ ਦੇਣ ਦਾ ਪ੍ਰਬੰਧ।

# ਪਹਿਲਾ ਹਿੱਸਾ: ਸਿਵਿਲ (ਦੀਵਾਨੀ) ਕਾਰਵਾਈਆਂ

## ਕਾਨੂੰਨ

ਦੀਵਾਨੀ ਕਾਰਵਾਈ ਵਿਚ ਪੰਜ ਕਾਨੂੰਨ ਵੱਖ ਵੱਖ ਹਦ ਤਕ ਘਰੇਲੂ ਹਿੰਸਾ 'ਤੇ ਲਾਗੂ ਹੁੰਦੇ ਹਨ:

- ਫ਼ੈਮਿਲੀ ਲਾਅ ਐਕਟ 1996 (ਐਫ਼ ਐਲ ਏ 1996) ਦਾ ਹਿੱਸਾ 4 (Part IV of the Family Law Act 1996 (FLA 1996))
- ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ 1997 (ਪੀ ਐਚ ਏ 1997) (The Protection from Harassment Act 1997 (PHA 1997) - ਜਿਸ ਵਿਚ ਕ੍ਰਿਮੀਨਲ ਰੋਕਾਂ ਵੀ ਸ਼ਾਮਿਲ ਹਨ
- ਚਿਲਡ੍ਰਨ ਐਕਟ 1989 (ਸੀ ਏ 1989) (Children Act 1989) (CA 1989)
- ਅਡੌਪਸ਼ਨ ਐਂਡ ਚਿਲਡਰਨ ਐਕਟ 2002 (ਏ ਸੀ-ਐਚ ਏ 2002) (The Adoption and Children Act 2002 (AChA 2002))
- ਚਿਲਡ੍ਰਨ ਐਕਟ 2004 (ਸੀ ਏ 2004) (Children Act 2004) (CA 2004)
- ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004[3] (ਡੀ ਵੀ ਐਕਟ 2004) (The Domestic Violence, Crime and Victims Act 2004) (DV Act 2004)
- ਸਿਵਿਲ ਪਾਰਟਨਰਸ਼ਿਪ ਐਕਟ (ਸੀ ਪੀ ਏ 2004) The Civil Partnership Act [CPA 2004]
- ਚਿਲਡਰਨ ਐਂਡ ਅਡੌਪਸ਼ਨ ਐਕਟ 2006 (ਸੀ-ਐਚ ਏ ਏ 2006) (The Children and Adoption Act 2006 (ChAA 2006)

ਅੱਗੇ ਸਫ਼ਿਆਂ 'ਤੇ ਅਸੀਂ ਹਰ ਕਾਨੂੰਨ ਦੇ ਤਹਿਤ ਕੀਤੀਆਂ ਜਾਣ ਵਾਲੀਆਂ ਸਿਵਿਲ ਕਾਰਵਾਈਆਂ ਬਾਰੇ ਜਾਣਕਾਰੀ ਦੇਵਾਂਗੇ, ਅਤੇ ਇਹ ਵੀ ਦੱਸਾਂਗੇ ਕਿ ਕੋਈ ਖ਼ਾਸ ਕਿਸਮ ਦੀ ਕਾਰਵਾਈ ਕਿਵੇਂ ਕੀਤੀ ਜਾ ਸਕਦੀ ਹੈ।

## ਫ਼ੈਮਿਲੀ ਲਾਅ ਐਕਟ 1996 (ਐਫ਼ ਐਲ ਏ 1996) ਦਾ ਹਿੱਸਾ 4 (PART IV OF THE FAMILY LAW ACT 1996)

ਫ਼ੈਮਿਲੀ ਲਾਅ ਐਕਟ 1996 (ਐਫ਼ ਐਲ ਏ 1996) ਦੇ ਹਿੱਸੇ 4 ਰਾਹੀਂ ਬਦਸਲੂਕੀ, ਹਿੰਸਾ ਜਾਂ ਕਬਜ਼ੇ ਦੇ ਵਿਰੁੱਧ ਦੀਵਾਨੀ ਕਾਰਵਾਈ ਕੀਤੀ ਜਾ ਸਕਦੀ ਹੈ, ਜਿਹਦਾ ਮੰਤਵ ਉਹਨਾਂ ਲੋਕਾਂ ਦੀ ਹਿਫ਼ਾਜ਼ਤ ਕਰਨਾ ਹੈ ਜਿਹਨਾਂ ਨੂੰ ਪਰਿਵਾਰਕ ਮਾਹੌਲ ਵਿਚ ਘਰੇਲੂ ਹਿੰਸਾ ਸਹਿਣੀ ਪੈਂਦੀ ਹੈ। ਰੋਕਾਂ ਲਗਵਾਉਣ ਲਈ ਜਾਂ ਕਬਜ਼ੇ ਦਾ ਆਰਡਰ ਲੈਣ ਲਈ ਕੌਣ ਅਰਜ਼ੀ ਦੇ ਸਕਦਾ/ਸਕਦੀ ਹੈ, ਜਿਹਦੀਆਂ ਸ਼ਰਤਾਂ ਸਖ਼ਤ ਹਨ; ਅਤੇ ਹੇਠਾਂ ਅਸੀਂ ਇਹ ਸੰਖੇਪ ਰੂਪ ਵਿਚ ਦੱਸ ਰਹੇ ਹਾਂ।

ਐਫ਼ ਐਲ ਏ 1996 ਤਹਿਤ ਅਦਾਲਤ ਬਿਨੈਕਾਰ ਦੀ ਮੁਦਾਲੇ (ਜਵਾਬਦੇਹ ਧਿਰ ਯਾਨੀ ਜਿਸ ਵਿਅਕਤੀ ਦੇ ਖ਼ਿਲਾਫ਼ ਰੋਕ ਲਾਈ ਜਾਂਦੀ ਹੈ) ਤੋਂ ਹਿਫ਼ਾਜ਼ਤ ਕਰਨ ਲਈ ਆਕਿਉਪੇਸ਼ਨ (ਕਬਜ਼ੇ) ਦਾ ਆਰਡਰ ਅਤੇ ਪਰੇਸ਼ਾਨ ਨਾ ਕਰਨ ਦਾ ਆਰਡਰ ਜਾਰੀ ਕਰ ਸਕਦੀ ਹੈ। ਕਿਸੇ ਵੀ ਫ਼ੈਮਿਲੀ ਕਾਰਵਾਈ ਵੇਲੇ- ਜਿਸ ਵਿਚ ਇਕ ਧਿਰ ਮੁਦਾਲਾ ਵੀ ਹੋਵੇ - ਅਦਾਲਤ ਕੋਲ ਪਰੇਸ਼ਾਨ ਨਾ ਕਰਨ ਦਾ ਹੁਕਮ ਜਾਰੀ ਕਰਨ ਦੀ ਸ਼ਕਤੀ ਹੁੰਦੀ ਹੈ, ਭਾਵੇਂ ਇਹ ਹੁਕਮ ਜਾਰੀ ਕਰਨ ਲਈ ਕੋਈ ਰਸਮੀ ਬੇਨਤੀ ਨਾ ਵੀ ਕੀਤੀ ਗਈ ਹੋਵੇ, ਅਤੇ ਜੇ ਅਦਾਲਤ ਇਹ ਸਮਝੇ ਕਿ ਕਿਸੇ ਧਿਰ ਜਾਂ ਬੱਚੇ ਦੇ ਭਲੇ ਲਈ ਇਹ ਹੁਕਮ ਜਾਰੀ ਕਰਨਾ ਚਾਹੀਦਾ ਹੈ।

ਆਕਿਉਪੇਸ਼ਨ ਆਰਡਰ ਅਦਾਲਤ ਕਿਸੇ ਧਿਰ ਜਾਂ ਬੱਚਿਆਂ ਨੂੰ ਘਰੇਲੂ ਹਿੰਸਾ ਤੋਂ ਬਚਾਉਣ ਲਈ ਜੋੜੇ ਦੇ ਸਾਂਝੇ ਘਰ ਦੀ ਵਰਤੋਂ ਕਰਨ ਬਾਰੇ ਹੁਕਮ ਦਿੰਦੀ ਹੈ। ਇਸ ਆਰਡਰ ਰਾਹੀਂ ਬਦਸਲੂਕੀ ਕਰਨ ਵਾਲੇ ਨੂੰ ਘਰ ਵਿਚੋਂ ਪੂਰੀ ਤਰ੍ਹਾਂ ਕੱਢਿਆ

[3] ss 1 - 4 ਫ਼ੈਮਿਲੀ ਲਾਅ ਐਕਟ 2006 ਵਿਚ ਸੋਧ

ਜਾ ਸਕਦਾ ਹੈ, ਜਾਂ ਘਰ ਦੀ ਵੰਡ ਕਰਕੇ ਕਿਸੇ ਹਿੱਸੇ ਵਿਚ ਉਹਦੇ ਦਾਖ਼ਲੇ 'ਤੇ ਮਨਾਹੀ ਲਾਈ ਜਾ ਸਕਦੀ ਹੈ। ਜੇ ਉਹ ਪਹਿਲਾਂ ਹੀ ਘਰ ਛੱਡ ਗਿਆ/ਗਈ ਹੋਵੇ, ਤਾਂ ਆਕਿਊਪੇਸ਼ਨ ਆਰਡਰ ਰਾਹੀਂ ਉਹਦੇ ਦੁਬਾਰਾ ਦਾਖ਼ਲ ਹੋਣੋਂ ਅਤੇ/ਜਾਂ ਘਰ ਦੇ ਆਸ ਪਾਸ ਦੇ ਖ਼ਾਸ ਇਲਾਕੇ ਵਿਚ ਦਾਖ਼ਲ ਹੋਣੋਂ ਰੋਕਿਆ ਜਾ ਸਕਦਾ ਹੈ।

ਆਕਿਊਪੇਸ਼ਨ (ਕਬਜ਼ੇ) ਦੇ ਆਰਡਰ ਕਈ ਕਿਸਮ ਦੇ ਹੋ ਸਕਦੇ ਹਨ (ਅੱਗੇ ਪੜ੍ਹੋ) ਪਰ ਸਭ ਤੋਂ ਵੱਧ ਦਿੱਤੇ ਜਾਣ ਵਾਲੇ ਆਰਡਰਾਂ ਵਿਚ ਕੁਝ ਇਹੋ ਜਿਹੀਆਂ ਗੱਲਾਂ ਕਹੀਆਂ ਜਾਂਦੀਆਂ ਹਨ - ਕਿ ਦੋਸ਼ੀ ਨੂੰ ਬਿਨੈਕਾਰ (ਅਰਜ਼ੀ ਦੇਣ ਵਾਲੇ/ਵਾਲੀ) ਦੇ ਘਰ ਵਿਚੋਂ ਨਿਕਲ ਜਾਣਾ ਚਾਹੀਦਾ ਹੈ, ਇਸ ਵਿਚ ਜਾਂ ਇਹਦੇ ਆਸ ਪਾਸ ਕੁਝ ਨਿਸ਼ਚਿਤ ਥਾਂ ਅੰਦਰ ਬਿਲਕੁਲ ਨਹੀਂ ਆਉਣਾ ਚਾਹੀਦਾ ਜਾਂ ਆਉਣ ਦੀ ਕੋਸ਼ਿਸ਼ ਬਿਲਕੁਲ ਨਹੀਂ ਕਰਨੀ ਚਾਹੀਦੀ। ਜੇ ਕੋਈ ਅਗਲੀ ਸੁਣਵਾਈ ਹੋਣੀ ਹੈ ਤਾਂ ਉਹਦੀਆਂ ਤਾਰੀਖ਼ਾਂ ਵੀ ਇਸ ਆਰਡਰ ਵਿਚ ਸ਼ਾਮਿਲ ਹੋਣਗੀਆਂ ਅਤੇ ਇਹ ਵੀ ਦੱਸਿਆ ਜਾਏਗਾ ਕਿ ਆਰਡਰ ਕਿੰਨਾ ਸਮਾਂ ਚੱਲੇਗਾ। ਆਮ ਤੌਰ 'ਤੇ ਅਜਿਹੇ ਆਰਡਰ ਛੇ ਮਹੀਨਿਆਂ ਤੋਂ ਇਕ ਸਾਲ ਤਕ ਦੇ ਸਮੇਂ ਲਈ ਹੁੰਦੇ ਹਨ, ਪਰ ਇਹ "ਅਗਲਾ ਆਰਡਰ ਜਾਰੀ ਹੋਣ" ਤਕ ਵੀ ਚਲ ਸਕਦੇ ਹਨ। ਕੁਝ ਕੇਸਾਂ ਵਿਚ ਇਹ ਆਰਡਰ ਸਿਰਫ਼ ਹੋਰ ਛੇ ਮਹੀਨਿਆਂ ਲਈ ਵਧਾਇਆ ਜਾ ਸਕਦਾ ਹੈ, ਮਿਸਾਲ ਵਜੋਂ ਜੇ ਬਿਨੈਕਾਰ ਸਹਿਕਾਮੀ (ਵਿਆਹਿਆਂ ਵਾਂਗ ਨਾਲ ਰਹਿਣਾ ਵਾਲਾ/ਵਾਲੀ) ਜਾਂ ਸਾਬਕਾ ਸਹਿਕਾਮੀ ਸੀ, ਅਤੇ ਘਰ ਵਿਚ ਉਹਦੀ ਕੋਈ ਦਿਲਚਸਪੀ ਨਹੀਂ।

ਇਹੋ ਜਿਹਾ ਕੋਈ ਆਰਡਰ ਜਾਰੀ ਕਰਨ ਤੋਂ ਪਹਿਲਾਂ, ਅਦਾਲਤ "ਨੁਕਸਾਨ ਦੇ ਸੰਤੁਲਨ" ਵਾਲਾ ਟੈਸਟ ਲਾਗੂ ਕਰੇਗੀ, ਜਿਸ ਵਿਚ ਕਾਫ਼ੀ ਨੁਕਸਾਨ ਵਾਲੀ ਗੱਲ ਸ਼ਾਮਿਲ ਹੈ। ਇਸ ਟੈਸਟ ਰਾਹੀਂ ਪਤਾ ਕੀਤਾ ਜਾਂਦਾ ਹੈ ਕਿ ਜੇ ਆਰਡਰ ਜਾਰੀ ਕੀਤਾ ਜਾਏ, ਜਾਂ ਨਾ ਜਾਰੀ ਕੀਤਾ ਜਾਏ, ਤਾਂ ਕਿਹੜੇ ਲੋਕ ਜਾਂ ਲੋਕਾਂ ਜਾਂ ਉਹਨਾਂ ਦੇ ਨਾਲ ਰਹਿਣ ਵਾਲੇ ਬੱਚੇ ਜਾਂ ਬੱਚਿਆਂ ਨੂੰ ਸਭ ਤੋਂ ਵੱਧ ਖ਼ਤਰਾ ਹੋ ਸਕਦਾ ਹੈ। ਜੇ ਅਦਾਲਤ ਦੇ ਨੁਕਸਾਨ ਦੇ ਸੰਤੁਲਨ ਦੇ ਇਸ ਟੈਸਟ ਦਾ ਫ਼ੈਸਲਾ ਸਾਬਕਾ ਪਤੀ/ਪਤਨੀ ਜਾਂ ਸਹਿਕਾਮੀ ਦੇ ਪਤੀ/ਪਤਨੀ ਜਾਂ ਸਹਿਕਾਮੀ ਦੇ ਹੱਕ ਵਿਚ ਜਾਏ, ਤਾਂ ਅਦਾਲਤ ਦਾ ਫ਼ਰਜ਼ ਲਾਜ਼ਮੀ ਤੌਰ 'ਤੇ ਆਰਡਰ ਜਾਰੀ ਕਰਨਾ ਹੈ। ਅਦਾਲਤ ਇਸ ਐਕਟ ਦੇ ਸੈਕਸ਼ਨ 33(6) ਵਿਚ ਦੱਸੀਆਂ'ਸੰਬੰਧਤ ਗੱਲਾਂ' ਅਨੁਸਾਰ ਕਿਸੇ ਧਿਰ ਦੇ ਹਾਲਾਤ ਦਾ ਵੀ ਜਾਇਜ਼ਾ ਲੈਂਦੀ ਹੈ। ਇਹ ਗੱਲਾਂ ਕਾਫ਼ੀ ਗੁੰਝਲਦਾਰ ਹੋ ਸਕਦੀਆਂ ਹਨ, ਕਿਉਂਕਿ ਕਾਨੂੰਨ ਪਤੀ/ਪਤਨੀ, ਰਿਹਾਇਸ਼ ਦਾ ਹੱਕ ਰੱਖਣ ਵਾਲਿਆਂ ਅਤੇ ਬਿਨਾਂ ਹੱਕ ਵਾਲੇ ਸਹਿਕਾਮੀਆਂ ਵਿਚਕਾਰ ਫ਼ਰਕ ਕਰਦਾ ਹੈ।

ਪਰੇਸ਼ਾਨ ਨਾ ਕਰਨ (ਨੌਨ-ਮੋਲੈਸਟੇਸ਼ਨ) ਦੇ ਆਰਡਰ ਦੀ ਵਰਤੋਂ ਬਿਨੈਕਾਰ ਨੂੰ ਜਾਂ ਉਹਦੇ ਬੱਚਿਆਂ ਨਾਲ ਹਿੰਸਾ ਕਰਨੋਂ ਜਾਂ ਹਿੰਸਾ ਕਰਨ ਦੀ ਧਮਕੀ ਦੇਣੋਂ ਰੋਕਣ ਲਈ ਕੀਤੀ ਜਾਂਦੀ ਹੈ। ਇਸ ਕਾਨੂੰਨ ਵਿਚ 'ਪਰੇਸ਼ਾਨ ਕਰਨ' ਦੀ ਪਰਿਭਾਸ਼ਾ ਨਹੀਂ ਦਿੱਤੀ ਗਈ, ਪਰ ਇਸ ਵਿਚ ਡਰਾਉਣਾ, ਤੰਗ ਕਰਨਾ, ਧਮਕੀ ਦੇਣਾ, ਅਤੇ ਦੁਖੀ ਕਰਨਾ ਸ਼ਾਮਿਲ ਹੋ ਸਕਦਾ ਹੈ। ਪਰੇਸ਼ਾਨ ਕਰਨ ਵਿਰੁੱਧ ਆਰਡਰ ਵਿਚ ਵਰਤੇ ਗਏ ਸ਼ਬਦਾਂ ਵਿਚ ਜਵਾਬਦੇਹ ਧਿਰ ਨੂੰ ਬਿਨੈਕਾਰ ਨਾਲ ਹਿੰਸਾ ਕਰਨ ਦੀ ਧਮਕੀ ਦੇਣੋਂ ਜਾਂ ਕਿਸੇ ਹੋਰ ਵਿਅਕਤੀ ਨੂੰ ਅਜਿਹਾ ਕਰਨ ਲਈ ਕਿਸੇ ਢੰਗ ਨਾਲ ਇਸ਼ਾਰਾ ਦੇਣੋਂ ਜਾਂ ਕਹਿਣੋਂ ਵੀ ਮਨ੍ਹਾਂ ਕੀਤਾ ਜਾਂਦਾ ਹੈ। ਇਹਦੇ ਰਾਹੀਂ ਮੁਦਾਲੇ 'ਤੇ ਬਿਨੈਕਾਰ ਨੂੰ ਡਰਾਉਣੋਂ, ਤੰਗ ਜਾਂ ਪੇਸ਼ਾਨ ਕਰਨੋਂ ਜਾਂ ਕਿਸੇ ਹੋਰ ਵਿਅਕਤੀ ਨੂੰ ਇਹ ਕੰਮ ਕਰਨ ਲਈ ਉਕਸਾਉਣੋਂ ਜਾਂ ਸਲਾਹ ਦੇਣੋਂ ਵੀ ਮਨ੍ਹਾਂ ਕੀਤਾ ਜਾਂਦਾ ਹੈ। ਆਰਡਰ ਦੇ ਸ਼ਬਦਾਂ ਦੀ ਵਰਤੋਂ ਉਹਨਾਂ ਬੱਚਿਆਂ ਦੀ ਹਿਫ਼ਾਜ਼ਤ ਕਰਨ ਲਈ ਵੀ ਕੀਤੀ ਜਾਂਦੀ ਹੈ ਜਿਹਨਾਂ ਦੇ ਨਾਂ ਬਿਨੈਕਾਰ ਦੀ ਅਰਜ਼ੀ ਵਿਚ ਦਿੱਤੇ ਹੋਏ ਹਨ।

ਬੱਚਿਆਂ ਨੂੰ ਹਿੰਸਾ ਜਾਂ ਹਿੰਸਾ ਦੇ ਖ਼ਤਰੇ ਤੋਂ ਬਚਾਉਣ ਵਾਲੀ ਗੱਲ ਕਿਸੇ ਵੀ "ਸੰਬੰਧਤ ਬੱਚੇ" 'ਤੇ ਲਾਗੂ ਹੁੰਦੀ ਹੈ। ਸੰਬੰਧਤ ਬੱਚੇ ਦੀ ਪਰਿਭਾਸ਼ਾ ਇਹ ਹੈ:

- ਕੋਈ ਵੀ ਬੱਚਾ ਜਿਹਦੀ ਇਸ ਕੇਸ ਵਿਚ ਸ਼ਾਮਿਲ ਦੋਹਾਂ ਧਿਰਾਂ ਵਿਚੋਂ ਕਿਸੇ ਦੇ ਨਾਲ ਰਹਿਣ ਦੀ ਆਸ ਹੈ
- ਕੋਈ ਬੱਚਾ ਜੋ ਗੋਦ ਲਿਆ ਗਿਆ ਹੈ ਜਾਂ ਜਿਹਦਾ ਸੰਬੰਧ ਚਿਲਡਰਨ ਐਕਟ ਦੀ ਕਾਰਵਾਈ ਨਾਲ ਹੈ, ਅਤੇ
- ਕੋਈ ਹੋਰ ਬੱਚਾ ਜਿਹਦੇ ਹਿਤਾਂ ਦਾ ਸੰਬੰਧ ਅਦਾਲਤ ਇਸ ਕੇਸ ਨਾਲ ਸਮਝੇ

ਆਕਿਊਪੇਸ਼ਨ ਆਰਡਰ ਲਈ ਅਰਜ਼ੀ ਕੌਣ ਦੇ ਸਕਦਾ/ਸਕਦੀ ਹੈ ਅਤੇ ਅਦਾਲਤ ਕਿਸ ਕਿਸਮ ਦੇ ਆਰਡਰ ਜਾਰੀ ਕਰ ਸਕਦੀ ਹੈ, ਇਹਦੀਆਂ ਸ਼ਰਤਾਂ ਨੌਨ-ਮੋਲੈਸਟੇਸ਼ਨ (ਪਰੇਸ਼ਾਨ ਨਾ ਕਰਨ ਵਾਲੇ) ਆਰਡਰ ਨਾਲੋਂ ਵੱਧ ਗੁੰਝਲਦਾਰ ਹਨ, ਅਤੇ ਇਹਨਾਂ ਬਾਰੇ ਵਧੇਰੇ ਜਾਣਕਾਰੀ ਅੱਗੇ ਦਿੱਤੀ ਗਈ ਹੈ। ਤੁਸੀਂ ਪਰੇਸ਼ਾਨ ਨਾ ਕਰਨ ਵਾਲੇ ਆਰਡਰ ਲਈ ਅਰਜ਼ੀ ਦੇਣ

ਵੇਲੇ ਇੱਕੋ ਫ਼ਾਰਮ 'ਤੇ ਆਕਿਊਪੇਸ਼ਨ ਜਾਂ ਕਬਜ਼ੇ ਵਾਲੇ ਆਰਡਰ ਲਈ ਵੀ ਅਰਜ਼ੀ ਦੇ ਸਕਦੇ ਹੋ, ਬਸ਼ਰਤਿ ਤੁਹਾਡਾ ਕੇਸ ਕੁਝ ਸੰਬੰਧਤ ਸ਼ਰਤਾਂ ਪੂਰੀਆਂ ਕਰਦਾ ਹੋਵੇ।

ਆਰਡਰ 'ਨੋਟਿਸ ਵਾਲੇ' (ਔਨ ਨੋਟਿਸ) ਜਾਂ 'ਬਿਨਾਂ ਨੋਟਿਸ' (ਵਿਦਾਊਟ ਨੋਟਿਸ) ਵਾਲੇ ਹੋ ਸਕਦੇ ਹਨ। ਇਹਨਾਂ ਸ਼ਬਦਾਂ ਦਾ ਅਰਥ ਅੱਗੇ ਸਮਝਾਇਆ ਗਿਆ ਹੈ।

## ਨੌਨ-ਮੋਲੈਸਟੇਸ਼ਨ (ਪਰੇਸ਼ਾਨ ਨਾ ਕਰਨ) ਦੇ ਅਤੇ ਆਕਿਊਪੇਸ਼ਨ (ਕਬਜ਼ੇ) ਦੇ ਆਰਡਰ ਲੈਣ ਲਈ ਅਰਜ਼ੀ ਦੇਣਾ

### ਕੌਣ ਅਰਜ਼ੀ ਦੇ ਸਕਦਾ/ਸਕਦੀ ਹੈ?

ਐਫ਼ ਐਲ ਏ 1996 ਦੇ ਤਹਿਤ ਜਿਹੜੇ ਲੋਕ ਨੌਨ-ਮੋਲੈਸਟੇਸ਼ਨ ਜਾਂ ਆਕਿਊਪੇਸ਼ਨ ਆਰਡਰ ਲਈ ਅਰਜ਼ੀ ਦੇ ਸਕਦੇ ਹਨ ਉਹਨਾਂ ਦੀ ਲਿਸਟ (ਡੀ ਵੀ ਐਕਟ 2004 ਵਿਚ ਸੋਧੀ ਗਈ) ਅੰਤਿਕਾ ਏ ਵਿਚ ਦਿੱਤੀ ਗਈ ਹੈ। ਅਸੂਲ ਇਹ ਹੈ ਕਿ ਅਰਜ਼ੀ ਦੇਣ ਅਤੇ ਪਰਿਵਾਰਕ ਘਰ 'ਤੇ ਕਬਜ਼ਾ ਕਰਨ ਦਾ ਹੱਕ ਪਰਿਵਾਰ ਵਰਗੇ ਸੰਬੰਧਾਂ ਅਤੇ/ਜਾਂ ਵਿਆਹਿਆਂ ਵਾਂਗ ਇਕੱਠੇ ਰਹਿਣ ਕਰਕੇ ਮਿਲਦਾ ਹੈ।

ਜੇ ਬਿਨੈਕਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 16 ਸਾਲ ਤੋਂ ਵੱਧ ਹੋਵੇ ਤਾਂ ਉਹਦੇ ਲਈ ਜ਼ਰੂਰੀ ਹੈ ਕਿ ਅਰਜ਼ੀ ਦੇਣ ਵਿਚ ਉਹਦੀ ਮਦਦ ਕਰਨ ਲਈ ਕੋਈ "ਨਜ਼ਦੀਕੀ ਦੋਸਤ" ਜਾਂ ਕਾਨੂੰਨੀ ਨੁਮਾਇੰਦਾ ਵੀ ਹੋਵੇ।

### ਆਰਡਰ ਕਿੱਥੇ ਲਏ ਜਾਣ

ਇਹਨਾਂ ਵਿਚੋਂ ਕਿਸੇ ਇਕ ਆਰਡਰ ਲਈ ਜਾਂ ਦੋਹਾਂ ਲਈ ਅਰਜ਼ੀ ਪਰਿਵਾਰਕ ਕੇਸਾਂ ਦੀ ਸੁਣਵਾਈ ਕਰਨ ਵਾਲੇ ਕਿਸੇ ਵੀ ਕਾਊਂਟੀ ਕੋਰਟ ਵਿਚ, ਜਾਂ ਅਜਿਹੇ ਮੈਜਿਸਟ੍ਰੇਟਸ ਕੋਰਟ ਵਿਚ ਦਿੱਤੀ ਜਾ ਸਕਦੀ ਹੈ ਜੋ ਫ਼ੈਮਿਲੀ ਪ੍ਰੋਸੀਡਿੰਗਜ਼ ਕੋਰਟ (ਐਫ਼ ਪੀ ਸੀ) ਵੀ ਹੋਵੇ। ਬਿਨੈਕਾਰਾਂ ਨੂੰ ਇਹ ਨੋਟ ਕਰ ਲੈਣਾ ਚਾਹੀਦਾ ਹੈ ਕਿ ਯੂਨੀਫ਼ਾਈਡ ਫ਼ੈਮਿਲੀ ਸਰਵਿਸ ਸ਼ੁਰੂ ਹੋਣ ਨਾਲ ਇਸ ਅਰਜ਼ੀ ਦੀ ਐਫ਼ ਪੀ ਸੀ ਪੱਧਰ 'ਤੇ ਸੁਣਵਾਈ ਹੋਣ ਦੀ ਸੰਭਾਵਨਾ ਵਧ ਰਹੀ ਹੈ।

ਖ਼ਾਸ ਤੌਰ 'ਤੇ ਗੁੰਝਲਦਾਰ ਕੇਸ ਐਫ਼ ਪੀ ਸੀ ਤੋਂ ਕਈ ਵਾਰ ਕਾਊਂਟੀ ਕੋਰਟਾਂ ਵਿਚ ਭੇਜੇ ਜਾਂਦੇ ਹਨ। ਆਕਿਊਪੇਸ਼ਨ ਆਰਡਰ ਲਈ ਕਈ ਕਿਸਮ ਦੀਆਂ ਅਰਜ਼ੀਆਂ ਅਜਿਹੀਆਂ ਵੀ ਹੁੰਦੀਆਂ ਹਨ ਜਿਹਨਾਂ ਨੂੰ ਐਫ਼ ਪੀ ਸੀ ਨਹੀਂ ਨਿਪਟਾ ਸਕਦੇ।

### ਅਰਜ਼ੀ ਕਿਵੇਂ ਦੇਈਏ

ਬਿਨੈਕਾਰ ਕਿਸੇ ਸੋਲਿਸਟਰ (ਹੋ ਸਕੇ ਤਾਂ ਘਰੇਲੂ ਹਿੰਸਾ ਦੇ ਕੰਮ ਨਾਲ ਸੰਬੰਧਤ ਤਜਰਬੇਕਾਰ ਸੋਲਿਸਟਰ[4]) ਨੂੰ ਆਖ ਸਕਦੇ ਹਨ ਕਿ ਉਹ ਅਰਜ਼ੀ ਸਿੱਧਿਆਂ ਕੋਰਟ ਨੂੰ ਦੇਵੇ। ਜੇ ਕੇਸ ਕੋਰਟ ਵਿਚ ਲਿਜਾਣ ਲਈ ਸੋਲਿਸਟਰ ਨੂੰ ਆਖਣਾ ਹੋਵੇ, ਤਾਂ ਇਹਦੇ 'ਤੇ ਜ਼ਿਆਦਾ ਖ਼ਰਚ ਆ ਸਕਦਾ ਹੈ, ਜੇ ਬਿਨੈਕਾਰ ਨੂੰ ਸਰਕਾਰੀ ਪੈਸੇ ਨਾਲ ਮਦਦ ਲੈਣ ਦਾ ਹੱਕ ਨਹੀਂ ਹੈ।

ਖ਼ੁਦ ਜਾ ਕੇ (ਆਪਣੇ ਲਈ) ਅਰਜ਼ੀ ਦੇਣ 'ਤੇ ਕੋਈ ਰੋਕ ਨਹੀਂ, ਪਰ ਜੇ ਬਿਨੈਕਾਰ ਨੇ ਇਹ ਕੰਮ ਖ਼ੁਦ ਕਰਨਾ ਹੋਵੇ ਤਾਂ ਉਹਨੂੰ ਸੰਬੰਧਤ ਫ਼ਾਰਮ ਅਤੇ ਬਿਆਨ ਖ਼ੁਦ ਭਰਨੇ ਪੈਣਗੇ ਅਤੇ ਕੋਰਟ ਵਿਚ ਆਪਣਾ ਕੇਸ ਪੇਸ਼ ਕਰਨਾ ਪਏਗਾ। ਕੋਰਟ ਦਾ

[4] ਰੈਜ਼ੋਲਿਊਸ਼ਨ (Resolution) ਕੋਲ ਘਰੇਲੂ ਹਿੰਸਾ ਦੇ ਮਸਲਿਆਂ ਦੇ ਖ਼ਾਸ ਮਾਹਿਰ ਸੋਲਿਸਟਰਾਂ ਦਾ ਪੈਨਲ ਹੈ। ਤੁਸੀਂ ਇਹਨਾਂ ਦੀ ਇਹ ਵੈੱਬਸਾਈਟ ਦੇਖ ਸਕਦੇ ਹੋ - www.resolution.org.uk. ਇੱਥੇ ਸੋਲਿਸਟਰਾਂ, ਸਿਖਾਂਦਰੂ ਸੋਲਿਸਟਰਾਂ, ਲੀਗਲ ਐਗਜ਼ੈਕਟਿਵਾਂ ਅਤੇ ਪੈਰਾਲੀਗਲਾਂ ਦੀ ਲਿਸਟ ਮਿਲ ਸਕਦੀ ਹੈ, ਅਤੇ ਇਹ ਵੀ ਪਤਾ ਲਗ ਸਕਦਾ ਹੈ ਕਿ ਕੀ ਉਹ ਰੈਜ਼ੋਲਿਊਸ਼ਨ ਵਲੋਂ ਪ੍ਰਵਾਨਤ ਮਾਹਿਰ ਜਾਂ ਰੈਜ਼ੋਲਿਊਸ਼ਨ ਦੇ ਮੀਡੀਏਟਰ ਹਨ

ਸਟਾਫ਼ ਅਦਾਲਤੀ ਢੰਗਾਂ ਬਾਰੇ ਜਾਣਕਾਰੀ ਦੇ ਕੇ ਤੁਹਾਡੀ ਮਦਦ ਕਰ ਸਕਦਾ ਹੈ, ਪਰ ਉਹ ਵੱਖ ਵੱਖ ਕੇਸਾਂ ਵਿਚ ਕਿੰਨਾ ਕੁ ਦਮ ਹੈ ਇਹਦੇ ਬਾਰੇ, ਅਤੇ ਨਿਕਲ ਸਕਣ ਵਾਲੇ ਨਤੀਜਿਆਂ ਬਾਰੇ ਕਾਨੂੰਨੀ ਸਲਾਹ ਨਹੀਂ ਦੇ ਸਕਦੇ। ਪਰ ਵਾਲੰਟਰੀ ਮਦਦਗਾਰ[5] ਸੰਸਥਾਵਾਂ ਤੋਂ ਵਧੇਰੇ ਮਦਦ ਲਈ ਜਾ ਸਕਦੀ ਹੈ, ਜਿਵੇਂ ਸਥਾਨਕ ਵਿਮੈੱਨਜ਼ ਏਡ ਰੈਫ਼ਿਊਜ, ਆਊਟਰੀਚ ਸਰਵਿਸ, ਜਾਂ ਵਿਕਟਿਮ ਸੁਪੋਰਟ ਤੋਂ। ਇਹ ਸੰਸਥਾਵਾਂ ਸਲਾਹ ਦੇ ਸਕਦੀਆਂ  ਕਿ ਕਾਨੂੰਨੀ ਸਲਾਹ ਕਿੱਥੋਂ ਮਿਲ ਸਕਦੀ ਹੈ, ਪਰ ਆਮ ਤੌਰ 'ਤੇ ਇਹ ਖ਼ੁਦ ਕਾਨੂੰਨੀ ਸਲਾਹ ਨਹੀਂ ਦਿੰਦੀਆਂ।

**ਇਸ ਕੰਮ 'ਤੇ ਕਿੰਨਾ ਕੁ ਖ਼ਰਚ ਆਉਂਦਾ ਹੈ?**

ਇਸ ਵੇਲੇ ਕਾਊਂਟੀ ਕੋਰਟ ਵਿਚ ਫ਼ੈਮਿਲੀ ਲਾਅ ਐਕਟ (ਐਫ਼ ਐਲ ਏ) ਦੇ ਤਹਿਤ ਅਰਜ਼ੀ ਦੇਣ ਦਾ ਖ਼ਰਚ £60 ਹੈ - ਐਫ਼ ਪੀ ਸੀ - ਮੈਜਿਸਟ੍ਰੇਟਸ ਕੋਰਟ ਵਿਚ ਅਰਜ਼ੀ ਦੇਣ ਦੀ ਕੋਈ ਫ਼ੀਸ ਨਹੀਂ। ਇਸ ਐਕਟ ਦੇ ਤਹਿਤ ਬਾਅਦ ਵਿਚ ਦਿੱਤੀ ਜਾਣ ਵਾਲੀ ਕਿਸੇ ਵੀ ਅਰਜ਼ੀ ਦੀ ਫ਼ੀਸ £60 ਹੈ। ਜਿਹੜੇ ਬਿਨੈਕਾਰ ਆਪਣੇ ਕੇਸ ਦੀ ਪੈਰਵੀ ਖ਼ੁਦ ਕਰਨ ਦਾ ਫ਼ੈਸਲਾ ਕਰਨ ਉਹਨਾਂ ਨੂੰ ਅਰਜ਼ੀ ਦੇਣ ਵੇਲੇ ਇਹ ਫ਼ੀਸ ਦੇਣੀ ਪੈਂਦੀ ਹੈ। ਇਸ ਵੇਲੇ ਹੋ ਸਕਦਾ ਹੈ ਕਿ ਉਹਨੂੰ ਇਹ ਫ਼ੀਸ ਦੇਣੋਂ ਛੋਟ ਜਾਂ ਇਸ ਵਿਚ ਕੁਝ ਰਿਆਇਤ ਵੀ ਮਿਲ ਜਾਏ - ਇਹ ਗੱਲਾਂ ਕੋਰਟ ਸਰਵਿਸ ਦੇ ਪਰਚੇ EX160A[6], *Court fees-do you have to pay them? (ਕੀ ਤੁਹਾਨੂੰ ਕੋਰਟ ਫ਼ੀਸ ਦੇਣੀ ਪਏਗੀ?)* ਵਿਚ ਸਮਝਾਈਆਂ ਗਈਆਂ ਹਨ।

ਕੋਰਟ ਦਾ ਅਫ਼ਸਰ ਇਹ ਫ਼ੀਸ ਮੁਆਫ਼ ਕਰ ਸਕਦਾ ਹੈ, ਜੇ ਕੇਸ ਇਹਨਾਂ ਵਿਚੋਂ ਇਕ ਜਾਂ ਵੱਧ ਸ਼ਰਤਾਂ ਪੂਰੀਆਂ ਕਰਦਾ ਹੋਵੇ:

- ਬਿਨੈਕਾਰ ਨੂੰ ਅਤੇ ਉਹਦੇ ਸਾਥੀ ਨੂੰ ਇਨਕਮ ਸੁਪੋਰਟ ਮਿਲਦੀ ਹੈ
- ਬਿਨੈਕਾਰ ਨੂੰ ਇਨਕਮ-ਬੇਸਡ ਜੌਬਸੀਕਰਜ਼ ਅਲਾਉਂਸ ਮਿਲਦਾ ਹੈ
- ਬਿਨੈਕਾਰ ਨੂੰ ਵਰਕਿੰਗ ਟੈਕਸ ਕ੍ਰੈਡਿਟ ਮਿਲਦਾ ਹੈ
- ਬਿਨੈਕਾਰ ਜਾਂ ਉਹਦੇ ਸਾਥੀ ਨੂੰ ਇਨਕਮ ਸੁਪੋਰਟ, ਜਾਂ ਇਨਕਮ-ਬੇਸਡ ਜੌਬਸੀਕਰਜ਼ ਅਲਾਉਂਸ, ਵਰਕਿੰਗ ਟੈਕਸ ਕ੍ਰੈਡਿਟ, ਜਾਂ ਡਿਸਏਬਲਡ ਪਰਸਨਜ਼ ਟੈਕਸ ਕ੍ਰੈਡਿਟ ਮਿਲਦਾ ਹੈ ਅਤੇ ਬਿਨੈਕਾਰ ਨੂੰ 'ਲੀਗਲ ਹੈਲਪ' ਮਿਲਦੀ ਹੈ ਅਤੇ ਉਹ ਕਿਸੇ ਸਿਵਿਲ (ਦੀਵਾਨੀ) ਕੇਸ ਵਿਚ ਸ਼ਾਮਿਲ ਹੈ, ਜਾਂ
- ਉਹ ਕਿਸੇ ਫ਼ੈਮਲੀ ਕੇਸ ਵਿਚ ਸ਼ਾਮਿਲ ਹੈ ਅਤੇ ਉਹਨੂੰ 'ਲੀਗਲ ਹੈਲਪ' ਮਿਲਦੀ ਹੈ।

ਵਕੀਲ ਨੂੰ ਅਰਜ਼ੀ ਦੇਣ ਲਈ ਆਖਣ ਵਾਲੇ ਬਿਨੈਕਾਰਾਂ ਨੂੰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਉਹਨਾਂ ਨੂੰ ਕੋਰਟ ਫ਼ੀਸ ਅਤੇ ਸੋਲਿਸਟਰ ਦਾ ਖ਼ਰਚ ਦੋਵੇਂ ਦੇਣੇ ਪੈਣਗੇ। ਹੋ ਸਕਦਾ ਹੈ ਕਿ ਅਜਿਹੇ ਬਿਨੈਕਾਰ ਕਮਿਉਨਿਟੀ ਲੀਗਲ ਸਰਵਿਸਿਜ਼ ਫ਼ੰਡਿੰਗ (ਜਿਹਦਾ ਨਾਂ ਪਹਿਲਾਂ ਲੀਗਲ ਏਡ ਹੁੰਦਾ ਸੀ ਅਤੇ ਜੋ ਲੀਗਲ ਏਡ ਕਮਿਸ਼ਨ ਦਿੰਦਾ ਹੈ) ਤੋਂ ਮਾਲੀ ਮਦਦ ਲੈ ਸਕਣ। ਇਹਦੇ ਹੱਕਦਾਰ ਹੋਣ ਲਈ ਉਹਨਾਂ ਨੂੰ ਆਪਣੇ ਵਸੀਲਿਆਂ ਦਾ ਕਾਨੂੰਨੀ ਟੈਸਟ ਪੂਰਾ ਕਰਨਾ ਪਏਗਾ ਅਤੇ ਕੇਸ ਕਰਨ ਦੇ ਜਾਇਜ਼ ਕਾਰਨ ਹੋਣਾ ਵੀ ਜ਼ਰੂਰੀ ਹੈ।

**ਕੀ ਕੇਸ ਦੀ ਪੈਰਵੀ ਕਰਨ ਲਈ ਵੀ ਮੈਨੂੰ ਕੋਈ ਮਾਲੀ ਮਦਦ ਮਿਲ ਸਕਦੀ ਹੈ?**

ਹਰ ਕੇਸ ਦੀਆਂ ਖ਼ੂਬੀਆਂ ਅਨੁਸਾਰ ਉਹਦੇ ਬਾਰੇ ਫ਼ੈਸਲਾ ਲੀਗਲ ਸਰਵਿਸ ਕਮਿਸ਼ਨ ਫ਼ੰਡਿੰਗ ਕੋਡ ਦੇ ਨਿਯਮਾਂ ਅਨੁਸਾਰ ਕੀਤਾ ਜਾਂਦਾ ਹੈ। ਫ਼ੰਡਿੰਗ ਕੋਡ - ਫ਼ੈਸਲੇ ਕਰਨ ਬਾਰੇ ਹਿਦਾਇਤਾਂ - ਰਾਹੀਂ ਵੀ ਰਹਿਨੁਮਾਈ ਕੀਤੀ ਜਾਂਦੀ ਹੈ। ਜਿਹਨਾਂ ਕੇਸਾਂ ਵਿਚ ਘਰੇਲੂ ਹਿੰਸਾ ਦੇ ਸੰਬੰਧ ਵਿਚ ਰੋਕਾਂ ਲਾਉਣ ਦਾ ਹੁਕਮ ਤੁਰੰਤ ਲੈਣ ਦੀ ਲੋੜ ਹੁੰਦੀ ਹੈ, ਉੱਥੇ ਜਿਸ ਸੋਲਿਸਟਰ ਨੂੰ ਕਮਿਸ਼ਨ ਨਾਲ ਕਾਂਟ੍ਰੈਕਟ ਦਿੱਤਾ ਹੋਵੇ, ਉਹ ਖ਼ੁਦ ਨੂੰ ਮਿਲੇ ਇਖ਼ਤਿਆਰਾਂ ਦੀ ਵਰਤੋਂ ਕਰਕੇ ਲੀਗਲ ਰਿਪ੍ਰਜ਼ੈਂਟਰੇਸ਼ਨ ਦਾ

---

[5] ਜੇ ਸੇਵਾ ਦੇਣ ਵਾਲੇ ਕਿਸੇ ਵਿਅਕਤੀ ਨੇ ਕਿਸੇ ਨੂੰ ਕਿਸੇ ਹੋਰ ਸੇਵਾ ਕੋਲ ਭੇਜਣਾ ਹੋਵੇ, ਤਾਂ ਉਹਨੂੰ ਚਾਹੀਦਾ ਹੈ ਕਿ ਉਹ ਬਿਨੈਕਾਰ ਦੀਆਂ ਲੋੜਾਂ ਅਤੇ ਲੋੜੀਂਦੀਆਂ ਸੇਵਾਵਾਂ ਬਾਰੇ ਪਤਾ ਕਰੇ ਕਿ ਕੀ ਉਹ ਲੋੜਾਂ  ਪੂਰੀਆਂ ਕਰੇਗੀ, ਜਿਵੇਂ ਕਿ ਬੀ ਐਮ ਈ ਸੇਵਾਵਾਂ

[6] ਨੋਟ: http://www.hmcourts-service.gov.uk/HMCSCourtFinder/GetLeaflet.do?court_leaflets_id=172 / ਅਰਜ਼ੀ http://www.hmcourts-service.gov.uk/HMCSCourtFinder/GetForm.do?court_forms_id=168

ਹੰਗਾਮੀ ਸਰਟੀਫ਼ਿਕੇਟ ਇਹ ਯਕੀਨੀ ਬਣਾਉਣ ਲਈ ਦੇ ਸਕਦਾ ਹੈ ਕਿ ਅਜਿਹੀ ਅਰਜ਼ੀ ਦੀ ਕਾਨੂੰਨੀ ਨੁਮਾਇੰਦਗੀ ਵਿਚ ਦੇਰ ਨਾ ਹੋਵੇ।

ਇਹਨਾਂ ਸ਼ਰਤਾਂ (ਕ੍ਰਾਈਟੀਰੀਆ) ਅਨੁਸਾਰ, ਆਰਡਰ ਲੈਣ ਦੀ ਸੰਭਾਵਨਾ ਮਾੜੀ ਨਾਲੋਂ ਕੁਝ ਚੰਗੀ ਹੋਣੀ ਜ਼ਰੂਰੀ ਹੈ ਅਤੇ ਕਾਰਵਾਈ ਕਰਨ ਨਾਲ ਗਾਹਕ ਨੂੰ ਹੋਣ ਵਾਲੇ ਲਾਭਾਂ ਨੂੰ ਦੇਖ ਕੇ ਇਹ ਖ਼ਰਚ ਜਾਇਜ਼ ਹੋਵੇ, ਮੰਗਿਆ ਜਾ ਰਿਹਾ ਆਰਡਰ ਅਤੇ ਹੋਰ ਸਭ ਹਾਲਾਤ ਮਿਲਣ ਦੀ ਸੰਭਾਵਨਾ ਹੋਵੇ (ਕ੍ਰਾਈਟੀਰੀਆ 11.10)। ਭਾਵੇਂ ਦੋਵੇਂ ਧਿਰਾਂ ਸਰਕਾਰੀ ਪੈਸੇ ਨਾਲ ਮਦਦ ਲੈਣ ਦੀਆਂ ਹੱਕਦਾਰ ਹਨ, ਪਰ ਬਚਾਓ ਪੱਖ (ਦੋਸ਼ੀ/ਜਾਂ ਜਵਾਬਦੇਹ ਧਿਰ) ਨੂੰ ਪਬਲਿਕ ਦੇ ਪੈਸਿਆਂ ਵਿਚੋਂ ਮਦਦ ਮਿਲਣ ਦੀ ਸੰਭਾਵਨਾ ਹੋਰ ਵੀ ਘੱਟ ਹੁੰਦੀ ਹੈ,ਖ਼ਾਸ ਤੌਰ 'ਤੇ ਜੇ ਪਰੇਸ਼ਾਨ ਨਾ ਕਰਨ ਦੇ ਆਰਡਰ ਲਈ ਅਰਜ਼ੀ ਦਿੱਤੀ ਗਈ ਹੋਵੇ। ਘਰੇਲੂ ਹਿੰਸਾ ਦੇ ਕੇਸਾਂ ਵਿਚ ਪੈਸਿਆਂ ਦੀ ਮਦਦ ਦੇਣ ਦੀਆਂ ਹਿਦਾਇਤਾਂ ਅਨੁਸਾਰ ਅਰਜ਼ੀ ਦੇਣ ਵਾਲੇ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਪੁਲਿਸ ਨੇ ਪਹਿਲਾਂ ਕਿਹੜੀ ਕਾਰਵਾਈ ਕੀਤੀ ਹੈ ਅਤੇ ਕੀ ਹੋਰ ਕਿਸੇ ਕਿਸਮ ਦੀ ਹਿਫ਼ਾਜ਼ਤ ਮਿਲੀ ਹੋਈ ਹੈ, ਜੇ ਹਾਂ ਤਾਂ ਕਿਹੜੀ ਕਿਸਮ ਦੀ। ਜਿੱਥੇ ਜ਼ਮਾਨਤ ਦੀਆਂ ਅਜਿਹੀਆਂ ਸ਼ਰਤਾਂ ਲਾਗੂ ਹਨ ਜਿਹਨਾਂ ਰਾਹੀਂ ਬਿਨੈਕਾਰ ਨੂੰ ਹਿਫ਼ਾਜ਼ਤ ਮਿਲਦੀ ਹੈ, ਉੱਥੇ ਸਰਕਾਰੀ ਪੈਸੇ ਦੇਣਾ ਆਮ ਤੌਰ 'ਤੇ ਠੀਕ ਨਹੀਂ ਸਮਝਿਆ ਜਾਂਦਾ, ਪਰ ਤਦ ਨਹੀਂ ਜੇ ਜੁਰਮ ਦਾ ਮੁਕੱਦਮਾ ਚਲਾਉਣ ਦਾ ਫ਼ੈਸਲਾ ਕਰਨ ਮਗਰੋਂ ਇਹ ਸ਼ਰਤਾਂ ਹਟਾਈਆਂ ਜਾਣੀਆਂ ਹਨ। ਪਰ ਇਹ ਕੋਈ ਸਖ਼ਤ ਨਿਯਮ ਨਹੀਂ ਹੈ ਅਤੇ ਕਿਸੇ ਵੀ ਕ੍ਰਿਮੀਨਲ ਕਾਰਵਾਈ ਤੋਂ ਬਿਨੈਕਾਰ ਨੂੰ ਦਿੱਤੀ ਜਾਣ ਵਾਲੀ ਹਿਫ਼ਾਜ਼ਤ ਨੂੰ ਹਰ ਕੇਸ ਲਈ ਵੱਖਰੇ ਤੌਰ 'ਤੇ ਵਿਚਾਰਿਆ ਜਾਂਦਾ ਹੈ। ਸਲਾਹਕਾਰ ਸੋਲਿਸਟਰ ਨੂੰ ਇਹ ਸਾਬਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਉਹਨੇ ਵਿਚਾਰ ਕੀਤਾ ਹੈ ਕਿ ਕੀ ਮੁਦਾਲੇ ਨੂੰ ਇਹ ਚੇਤਾਵਨੀ ਦੇਣ ਵਾਲਾ ਖ਼ਤ ਲਿਖਿਆ ਹੈ ਕਿ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਹੈ ਜਾਂ ਕੀ ਅਜਿਹੇ ਖ਼ਤ ਨਾਲ ਗਾਹਕ ਨੂੰ ਕੋਈ ਖ਼ਤਰਾ ਹੋ ਸਕਦਾ ਸੀ।

ਇਹ ਸਮਝ ਲੈਣਾ ਜ਼ਰੂਰੀ ਹੈ ਕਿ ਕਮਿਸ਼ਨ ਹਰ ਕੇਸ ਬਾਰੇ ਵਿਚਾਰ ਉਹਦੀਆਂ ਖ਼ੂਬੀਆਂ ਅਨੁਸਾਰ ਹੀ ਕਰਦਾ ਹੈ। ਕੇਸ ਦੇ ਹਾਲਾਤ ਅਨੁਸਾਰ ਸੋਲਿਸਟਰ ਸਦਾ ਮਾਲੀ ਮਦਦ ਲਈ ਅਰਜ਼ੀ ਦੇਣ ਬਾਰੇ ਵਿਚਾਰ ਕਰਨਗੇ। ਇਸ ਗਾਈਡ ਦੇ ਛਪਣ ਵੇਲੇ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜੌਬਸੀਕਰਜ਼ ਅਲਾਉਂਸ ਲੈਣ ਵਾਲੇ ਲੋਕ ਕੋਰਟ ਵਿਚ ਕੋਈ ਖ਼ਾਸ ਅਰਜ਼ੀ ਦੇਣ ਲਈ ਮਾਲੀ ਮਦਦ ਲੈਣ ਦੇ ਹੱਕਦਾਰ ਹੋ ਜਾਂਦੇ ਹਨ। ਜੇ ਇਹ ਨਾ ਹੋਵੇ, ਤਾਂ ਉਹਨਾਂ ਨੂੰ ਹੋਰ ਮਦਦ ਮਿਲ ਸਕਦੀ ਹੈ ਜੇ ਉਹਨਾਂ ਦੀ ਇਕ ਮਹੀਨੇ ਦੀ ਕੁੱਲ ਆਮਦਨ £2,350 ਤੋਂ ਘੱਟ ਹੋਵੇ (ਜੇ ਉਹਦੇ ਚਾਰ ਤੋਂ ਵੱਧ ਬੱਚੇ ਹੋਣ ਤਾਂ ਇਹਤੋਂ ਵੱਧ ਕੁੱਲ ਆਮਦਨ ਦੀ ਸ਼ਰਤ ਲਾਗੂ ਹੁੰਦੀ ਹੈ), ਮਹੀਨੇ ਵਿਚ ਖ਼ਰਚ ਕਰ ਸਕਣ ਵਾਲੀ ਆਮਦਨ £649 ਤੋਂ ਘੱਟ ਹੋਵੇ, ਜਮ੍ਹਾਂ ਪੂੰਜੀ £8,000 ਜਾਂ ਘੱਟ ਹੋਵੇ। ਜੇ ਉਹਨਾਂ ਦੀ ਮਹੀਨੇ ਦੀ ਖ਼ਰਚ ਕਰਨ ਯੋਗ ਆਮਦਨ £280 ਅਤੇ £649 ਦੇ ਵਿਚਾਲੇ ਹੋਵੇ, ਜਾਂ ਖ਼ਰਚ ਕਰਨ ਯੋਗ ਜਮ੍ਹਾਂ ਪੂੰਜੀ £3,000 ਅਤੇ £8,000 ਦੇ ਵਿਚਾਲੇ ਹੋਵੇ, ਤਾਂ ਉਹਨਾਂ ਨੂੰ ਮਾਲੀ ਮਦਦ ਦੀ ਪੇਸ਼ਕਸ਼ ਇਸ ਸ਼ਰਤ 'ਤੇ ਕੀਤੀ ਜਾਏਗੀ ਕਿ ਉਹ ਆਪਣੇ ਕਾਨੂੰਨੀ ਖ਼ਰਚ ਵਿਚ ਖ਼ੁਦ ਵੀ ਹਿੱਸਾ ਪਾਉਣ। **ਨੋਟ**: ਇਹਨਾਂ ਰਕਮਾਂ ਬਾਰੇ ਸਰਕਾਰੀ ਬੈਨੀਫ਼ਿਟਾਂ ਦੇ ਵਧਣ ਵੇਲੇ ਸਾਲਾਨਾ ਵਾਧਾ ਕੀਤਾ ਜਾਏਗਾ (ਹਰ ਸਾਲ ਲੱਗਭਗ ਅਪ੍ਰੈਲ ਵਿਚ)।

ਇਹਤੋਂ ਅਲਾਵਾ, ਕਮਿਸ਼ਨ ਨੂੰ ਇਹ ਇਖ਼ਤਿਆਰ ਹੈ ਕਿ ਉਹ ਅਦਾਲਤ ਤੋਂ ਹਿਫ਼ਾਜ਼ਤ ਮੰਗਣ ਵਾਲੇ ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲਿਆਂ ਦੀ ਖ਼ਰਚ ਕਰਨ ਯੋਗ ਆਮਦਨ ਦੀ ਉੱਪਰ ਵਾਲੀ ਹੱਦ £649 ਵਾਲੀ ਸ਼ਰਤ ਨੂੰ ਨਾ ਮੰਨੇ। ਅਜਿਹਾ ਉਸ ਹਾਲਤ ਵਿਚ ਹੋ ਸਕਦਾ ਹੈ ਜਦ ਗਾਹਕ ਨੁਕਸਾਨ ਤੋਂ ਬਚਣ ਲਈ ਜਾਂ ਅਜਿਹੇ ਕਿਸੇ ਆਰਡਰ ਦੇ ਉਲੰਘਣ ਕਾਰਣ ਰੋਕਾਂ ਲਗਵਾਉਣ ਦੀ ਮੰਗ ਕਰੇ। ਪਰ ਖ਼ਰਚ ਵਿਚ ਖ਼ੁਦ ਹਿੱਸਾ ਪਾਉਣ ਵਾਲੀ ਸ਼ਰਤ ਨਹੀਂ ਹਟਾਈ ਜਾ ਸਕਦੀ, ਇਸ ਕਰਕੇ ਇਹਨਾਂ ਕੇਸਾਂ ਵਿਚ ਹਰ ਮਹੀਨੇ ਦੇਣ ਵਾਲੇ ਪੈਸੇ ਲਾਗੂ ਹੋਣ ਵਾਲੇ ਅਜਿਹੇ ਆਮ ਪੈਸਿਆਂ ਨਾਲੋਂ ਵੱਧ ਹੋਣਗੇ। ਜਦ ਜਮ੍ਹਾਂ ਪੂੰਜੀ ਅਤੇ/ਜਾਂ ਵਿਚੋਂ ਖ਼ੁਦ ਹਿੱਸਾ ਪਾਉਣਾ ਜ਼ਰੂਰੀ ਨਾ ਵੀ ਹੋਵੇ, ਉੱਥੇ "ਕਾਨੂੰਨੀ ਖ਼ਰਚ" ਵਾਲੀ ਗੱਲ ਲਾਗੂ ਹੋ ਸਕਦੀ ਹੈ, ਜੇ ਰਾਹਤ ਲਈ ਬਾਅਦ ਵਿਚ ਹੋਣ ਵਾਲੀ ਕਾਰਵਾਈ ਦੇ ਸਿੱਟੇ ਵਲੋਂ ਮੁਵੱਕਿਲ (ਗਾਹਕ) ਨੂੰ ਜਾਇਦਾਦ ਜਾਂ ਪੈਸੇ ਮਿਲ ਜਾਣ। ਅਜਿਹੀਆਂ ਹਾਲਤਾਂ ਵਿਚ ਮਦਦ ਲੈਣ ਵਾਲੇ ਦੇ ਸੋਲਿਸਟਰ ਦਾ ਖ਼ਰਚ ਉਹਨਾਂ ਮਿਲੇ ਜਾਂ ਬਚ ਗਏ ਪੈਸਿਆਂ ਜਾਂ ਜਾਇਦਾਦ ਵਿਚੋਂ ਕੱਢਿਆ ਜਾਂਦਾ ਹੈ।

ਸਰਕਾਰੀ ਮਦਦ ਬਾਰੇ ਹੋਰ ਜਾਣਕਾਰੀ ਲੀਗਲ ਸਰਵਿਸਿਜ਼ ਕਮਿਸ਼ਨ ਦੀ ਵੈੱਬਸਾਈਟ ਤੋਂ, ਜਾਂ ਸੀ ਐਲ ਐੱਸ ਡਾਇਰੈਕਟ (www.clsdirect.org.uk) ਤੋਂ ਮਿਲ ਸਲਦੀ ਹੈ, ਜਿੱਥੋਂ ਕਾਨੂੰਨ ਦੀ ਸੰਖੇਪ ਜਾਣਕਾਰੀ ਦੇਣ ਵਾਲਾ ਪਰਚਾ ਵੀ ਉਤਾਰਿਆ ਜਾ ਸਕਦਾ ਹੈ ਜੋ ਗਾਹਲਾਂ ਦੇ ਵੀ ਕੰਮ ਆ ਸਕਦਾ ਹੈ।

**ਔਨ-ਨੋਟਿਸ (ਨੋਟਿਸ ਵਾਲੀਆਂ) ਅਰਜ਼ੀਆਂ ਕੀ ਹੁੰਦੀਆਂ ਹਨ?**

ਨੋਟਿਸ ਵਾਲੀਆਂ ਅਰਜ਼ੀਆਂ ਉਹ ਹੁੰਦੀਆਂ ਹਨ ਜਦ ਅਦਾਲਤ ਵਿਚ ਸੁਣਵਾਈ ਵੇਲੇ ਆਉਣ ਲਈ ਸਭ ਧਿਰਾਂ ਨੂੰ ਨੋਟਿਸ ਭੇਜੇ ਜਾਂਦੇ ਹਨ।

ਜਦ ਅਰਜ਼ੀ ਕਾਊਂਟੀ ਕੋਰਟ ਜਾਂ ਐਫ਼ ਪੀ ਸੀ ਕੋਲ ਭੇਜੀ ਜਾਂਦੀ ਹੈ, ਤਾਂ:

- ਇਹਨੂੰ ਕੇਸ ਨੰਬਰ ਦੇ ਕੇ ਡਿਸਟ੍ਰਿਕਟ ਜਾਂ ਸਰਕਟ ਜੱਜ ਕੋਲ, ਜਾਂ ਮੈਜਿਸਟ੍ਰੇਟਾਂ ਦੀ ਬੈਂਚ ਕੋਲ ਸੁਣਵਾਈ ਲਈ ਲਿਸਟ ਵਿਚ ਰੱਖਿਆ ਜਾਂਦਾ ਹੈ। ਸੁਣਵਾਈ ਦੀ ਤਾਰੀਖ਼ 24 ਘੰਟਿਆਂ ਤੋਂ ਲੈ ਕੇ ਚਾਰ ਹਫ਼ਤਿਆਂ ਤਕ ਦੇ ਜਾਂ ਵੱਧ ਸਮੇਂ ਬਾਅਦ ਰੱਖੀ ਜਾ ਸਕਦੀ ਹੈ, ਜੋ ਅਦਾਲਤ ਵਿਚ ਪਏ ਕੰਮ ਜਾਂ ਕੇਸ ਦੇ ਤੁਰੰਤ ਨਿਪਟਾਏ ਜਾਣ ਦੇ ਅਨੁਸਾਰ ਹੋ ਸਕਦੀ ਹੈ;
- ਅਰਜ਼ੀ ਔਨ-ਨੋਟਿਸ ਦੇਣੀ [7] ਲਾਜ਼ਮੀ ਹੈ, ਯਾਨੀ ਕਿ ਜਵਾਬਦੇਹ ਧਿਰ ਨੂੰ ਇਹ ਨਿਜੀ ਤੌਰ 'ਤੇ ਫੜਾਈ ਜਾਣੀ ਲਾਜ਼ਮੀ ਹੈ, ਸੁਣਵਾਈ ਦੀ ਤਾਰੀਖ਼ ਤੋਂ ਘੱਟੋ ਘੱਟ ਦੋ ਦਿਨ ਪਹਿਲਾਂ (ਸੋਲਿਸਟਰ ਆਮ ਤੌਰ 'ਤੇ ਇਸ ਕੰਮ ਲਈ ਪਿਆਦਿਆਂ (ਪ੍ਰੌਸੈੱਸ ਸਰਵਰਜ਼) ਦੀ ਵਰਤੋਂ ਕਰਦੇ ਹਨ;
- ਜਵਾਬਦੇਹ ਧਿਰ ਨੂੰ FL401 ਅਰਜ਼ੀ, ਇਹਦੇ ਹੱਕ ਵਿਚ ਬਿਆਨ ਅਤੇ ਫ਼ਾਰਮ FL402 - ਸੁਣਵਾਈ ਦੀ ਤਾਰੀਖ਼ ਦਾ ਨੋਟਿਸ ਭੇਜਿਆ ਜਾਂਦਾ ਹੈ; ਅਤੇ
- ਜਦ ਸੰਬੰਧਤ ਕਾਗ਼ਜ਼ਾਤ ਜਵਾਬਦੇਹ ਧਿਰ ਨੂੰ ਮਿਲ ਜਾਣ, ਤਾਂ ਬਿਨੈਕਾਰ ਨੂੰ ਕੋਰਟ ਵਿਚ ਸਟੇਟਮੈਂਟ ਆੱਫ਼ ਸਰਵਿਸ ਦੇਣੀ ਪੈਂਦੀ ਹੈ। (ਫ਼ਾਰਮ FL415 ਅਦਾਲਤ ਜਾਂ ਐਫ਼ ਪੀ ਸੀ ਤੋਂ ਮਿਲ ਸਕਦਾ ਹੈ)

**ਬਿਨਾਂ ਨੋਟਿਸ ਵਾਲੀਆਂ ਅਰਜ਼ੀਆਂ ਕੀ ਹੁੰਦੀਆਂ ਹਨ?**

ਇਹਨਾਂ ਨੂੰ "ਐਕਸ-ਪਾਰਟੀ" ਅਰਜ਼ੀਆਂ ਆਖਿਆ ਜਾਂਦਾ ਹੈ। ਇਹਨਾਂ ਦੀ ਸੁਣਵਾਈ ਜਵਾਬਦੇਹ ਧਿਰ ਨੂੰ ਦੱਸੇ ਬਿਨਾਂ (ਅਤੇ ਇਸ ਤਰ੍ਹਾਂ ਉਹਦੀ ਗ਼ੈਰ-ਹਾਜ਼ਰੀ ਵਿਚ) ਕੀਤੀ ਜਾਂਦੀ ਹੈ। ਇਹ ਅਰਜ਼ੀ ਦੇਣ ਦਾ ਢੰਗ ਲੱਗਭਗ ਉਹੀ ਹੈ ਜੋ ਨੋਟਿਸ ਵਾਲੀ ਅਰਜ਼ੀ ਦੇਣ ਦਾ। ਫ਼ਰਕ ਇੰਨਾ ਹੀ ਹੈ ਕਿ ਜਦ ਬਿਨੈਕਾਰ ਅਰਜ਼ੀ ਦੇਣ ਲਈ ਅਦਾਲਤ ਵਿਚ ਜਾਂਦਾ/ਜਾਂਦੀ ਹੈ, ਤਾਂ ਉਹ ਉਸੇ ਦਿਨ ਜੱਜ/ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਹੁੰਦਾ/ਹੁੰਦੀ ਹੈ। ਹਲਫ਼ੀਆ ਬਿਆਨ ਵਿਚ ਉਹਨੂੰ ਕਾਰਨ ਵੀ ਦੱਸਣੇ ਪੈਂਦੇ ਹਨ ਕਿ ਜਵਾਬਦੇਹ ਧਿਰ ਨੂੰ ਪਹਿਲਾਂ ਦੱਸੇ ਬਿਨਾਂ ਅਦਾਲਤ ਨੂੰ ਅਰਜ਼ੀ ਦੀ ਸੁਣਵਾਈ ਕਿਉਂ ਕਰਨੀ ਚਾਹੀਦੀ ਹੈ।

ਐਫ਼ ਐਲ ਏ 1996 ਦੇ ਸੈਕਸ਼ਨ 45 ਵਿਚ ਬਿਨਾਂ ਨੋਟਿਸ ਵਾਲੀਆਂ ਅਰਜ਼ੀਆਂ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਇਹਦੀ ਸੁਣਵਾਈ ਕਰਨ ਦਾ ਫ਼ੈਸਲਾ ਕਰਨ ਦੇ ਢੰਗਾਂ ਬਾਰੇ ਅਦਾਲਤਾਂ ਨੂੰ ਹਿਦਾਇਤਾਂ ਵੀ ਦਿੱਤੀਆਂ ਗਈਆਂ ਹਨ। ਇਹਨਾਂ ਵਿਚ ਉਹ ਗੱਲਾਂ ਦੱਸੀਆਂ ਗਈਆਂ ਹਨ ਜਿਹਨਾਂ ਬਾਰੇ ਅਦਾਲਤ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਨੋਟਿਸ ਤੋਂ ਬਿਨਾਂ ਜਾਰੀ ਕੀਤਾ ਗਿਆ ਆਰਡਰ ਇਨਸਾਫ਼ ਅਨੁਸਾਰ ਅਤੇ ਦੇਣ ਲਈ ਸੌਖਾ ਹੋਏਗਾ, ਜੇ ਆਰਡਰ ਇਕਦਮ ਨਾ ਦਿੱਤਾ ਜਾਏ ਤਾਂ ਕੀ ਸੰਭਾਵਨਾਵਾਂ ਦੇ ਸੰਤੁਲਨ ਦੇ ਆਧਾਰ 'ਤੇ ਬਿਨੈਕਾਰ (ਜਾਂ ਉਹਦੇ ਬੱਚਿਆਂ ਨੂੰ) ਨੁਕਸਾਨ ਪਹੁੰਚਣ[8] ਦਾ ਖ਼ਤਰਾ ਹੈ। ਜੇ ਨੌਨ-ਮੋਲੈਸਟੇਸ਼ਨ (ਪਰੇਸ਼ਾਨ ਨਾ ਕਰਨ ਦਾ) ਅਤੇ/ਜਾਂ ਆਕਿਊਪੇਸ਼ਨ (ਕਬਜ਼ੇ ਦਾ) ਆਰਡਰ ਬਿਨਾਂ ਨੋਟਿਸ ਜਾਰੀ ਕੀਤਾ ਜਾਏ, ਤਾਂ ਅਦਾਲਤ ਨੂੰ ਉਹ ਤਾਰੀਖ਼ ਦੱਸਣੀ ਪੈਂਦੀ ਹੈ ਜਦ ਜਵਾਬਦੇਹ ਧਿਰ ਨੂੰ ਖ਼ੁਦ ਅਦਾਲਤ ਵਿਚ ਆਉਣ ਦਾ ਮੌਕਾ ਦਿੱਤਾ ਜਾਏਗਾ।

ਬਿਨਾਂ ਨੋਟਿਸ ਵਾਲੀਆਂ ਅਰਜ਼ੀਆਂ ਆਮ ਤੌਰ 'ਤੇ ਮੰਨ ਲਈਆਂ ਜਾਂਦੀਆਂ ਹਨ, ਪਰ ਜੇ ਅਦਾਲਤ ਇਹਨੂੰ ਨਾ-ਮਨਜ਼ੂਰ ਕਰ ਦੇਵੇ (ਅਤੇ ਕਦੇ ਕਦੇ ਅਜਿਹਾ ਵੀ ਹੋ ਜਾਂਦਾ ਹੈ), ਤਾਂ ਅਦਾਲਤ ਇਹ ਯਕੀਨੀ ਬਣਾਉਂਦੀ ਹੈ ਕਿ ਸੁਣਵਾਈ ਛੇਤੀ ਹੋਵੇ, ਆਮ ਤੌਰ 'ਤੇ ਇਕ ਹਫ਼ਤੇ ਦੇ ਅੰਦਰ। ਬਿਨਾਂ ਨੋਟਿਸ ਆਕਿਉਪੇਸ਼ਨ ਆਰਡਰਾਂ ਨਾਲੋਂ ਨੌਨ-ਮੋਲੈਸਟੇਸ਼ਨ ਆਰਡਰ

---

[7] ਮੌਰਗੇਜ ਲੈਣ ਵਾਲੇ/ਵਾਲੀ ਜਾਂ ਮਕਾਨ ਮਾਲਿਕ ਨੂੰ ਮਕਾਨ 'ਤੇ ਕਬਜ਼ੇ ਦੇ ਸੰਬੰਧ ਵਿਚ ਕੁਝ ਅਰਜ਼ੀਆਂ ਭੇਜੀਆਂ ਜਾਂਦੀਆਂ ਹਨ - ਦੇਖੋ ਰੂਲ 3.8(11) ਅਤੇ 3A(10)

[8] 'ਨੁਕਸਾਨ' ਬਾਰੇ ਹੋਰ ਜਾਣਕਾਰੀ ਬੱਚਿਆਂ ਬਾਰੇ ਹਿੱਸਾ 2 ਵਿਚ ਪੜ੍ਹੋ।

ਮਿਲਣ ਦੀ ਸੰਭਾਵਨਾ ਵੱਧ ਹੁੰਦੀ ਹੈ। ਅਤੀ ਜ਼ਰੂਰੀ ਕੇਸਾਂ ਵਿਚ ਅਦਾਲਤ ਕੰਮ ਕਾਜ ਦੇ ਆਮ ਸਮੇਂ ਤੋਂ ਬਾਹਰ ਅਤੇ ਵੀਕਐਂਡ 'ਤੇ ਵੀ ਕੰਮ ਕਰ ਸਕਦੀ ਹੈ।

**ਨੌਨ-ਮੋਲੈਸਟੇਸ਼ਨ (ਪਰੇਸ਼ਾਨ ਨਾ ਕਰਨ) ਦੇ ਆਰਡਰ ਲਈ ਅਰਜ਼ੀ ਕਿਵੇਂ ਦੇਈਏ** [9]

ਬਿਨੈਕਾਰ ਨੂੰ ਇਹ ਕੰਮ ਕਰਨੇ ਚਾਹੀਦੇ ਹਨ:

- ਫ਼ਾਰਮ FL401 ਭਰਨਾ (ਕਾਪੀਆਂ ਅਦਾਲਤ ਤੋਂ ਜਾਂ ਇਸ ਇੰਟਰਨੈੱਟ ਸਾਈਟ ਤੋਂ ਮਿਲ ਸਕਦੀਆਂ ਹਨ - www.hmcourts-service.gov.uk/HMCSCourtFinder
- ਜਵਾਬਦੇਹ ਧਿਰ ਨਾਲ ਆਪਣਾ ਸੰਬੰਧ ਦੱਸਣਾ ਚਾਹੀਦਾ ਹੈ (ਢੁੱਕਵੇਂ ਖ਼ਾਨੇ ਵਿਚ ਸਹੀ ਦਾ ਨਿਸ਼ਾਨ ਲਾ ਕੇ)
- ਦਿੱਤੀ ਗਈ ਥਾਂ ਵਿਚ ਸੰਖੇਪ ਵਿਚ ਲਿਖਣਾ ਚਾਹੀਦਾ ਹੈ ਕਿ ਬਿਨੈਕਾਰ ਕੀ ਫ਼ੈਸਲਾ ਚਾਹੁੰਦਾ/ਚਾਹੁੰਦੀ ਹੈ
- ਜੇ ਉਹ FL401 ਵਿਚ ਆਪਣਾ ਪਤਾ ਨਹੀਂ ਭਰਨਾ ਚਾਹੁੰਦਾ/ਚਾਹੁੰਦੀ ਤਾਂ ਉਹਨੂੰ C8 ਭਰਨਾ ਚਾਹੀਦਾ ਹੈ - ਇਹਦੇ ਲਈ ਅਦਾਲਤ ਤੋਂ ਇਜਾਜ਼ਤ ਲੈਣ ਦੀ ਲੋੜ ਨਹੀਂ
- ਅਰਜ਼ੀ ਦੇ ਹੱਕ ਵਿਚ ਹਲਫ਼ੀਆ ਬਿਆਨ ਦੇਣਾ ਚਾਹੀਦਾ ਹੈ (ਇਸ ਵਿਚ ਉਹ ਮੁੱਖ ਗੱਲਾਂ ਸੰਖੇਪ ਵਿਚ ਲਿਖਣੀਆਂ ਚਾਹੀਦੀਆਂ ਹਨ, ਜਿਹਨਾਂ 'ਤੇ ਉਹ ਨਿਰਭਰ ਕਰਦੀ ਹੈ, ਅਤੇ ਜੇ ਕੋਈ ਕ੍ਰਿਮੀਨਲ ਕੰਮ ਹੋਇਆ ਹੈ ਜਾਂ ਪੁਲਿਸ ਨੇ ਦਖ਼ਲ ਅੰਦਾਜ਼ੀ ਕੀਤੀ ਹੈ ਤਾਂ ਉਹ ਗੱਲਾਂ ਵੀ ਸ਼ਾਮਿਲ ਕਰਨੀਆਂ ਚਾਹੀਦੀਆਂ ਹਨ)

ਅਦਾਲਤ ਦੀ ਇਜਾਜ਼ਤ ਨਾਲ, ਫ਼ਾਰਮ FL401 ਦੀ ਹਿਮਾਇਤ ਵਿਚ ਇਹਨਾਂ ਗੱਲਾਂ ਦੀ ਬਜਾਇ ਜ਼ਬਾਨੀ ਬਿਆਨ ਵੀ ਦਿੱਤਾ ਜਾ ਸਕਦਾ ਹੈ। ਜੇ ਬਹੁਤ ਜ਼ਿਆਦਾ ਛੇਤੀ ਆਰਡਰ ਲੈਣ ਦੀ ਲੋੜ ਹੋਵੇ, ਤਾਂ ਹੋ ਸਕਦਾ ਹੈ ਕਿ ਅਦਾਲਤ ਬਿਆਨ ਤੋਂ ਬਿਨਾਂ ਵੀ ਅਰਜ਼ੀ ਮੰਨਜ਼ੂਰ ਕਰ ਸਕਦੀ ਹੈ, ਪਰ ਆਮ ਤੌਰ 'ਤੇ ਅਦਾਲਤ ਕਹਿੰਦੀ ਹੈ ਕਿ ਬਿਨੈਕਾਰ ਕਿਸੇ ਬਾਅਦ ਵਾਲੀ ਤਾਰੀਖ਼ ਨੂੰ ਅਰਜ਼ੀ ਭਰ ਦੇਵੇ।

**ਆਕਿਉਪੇਸ਼ਨ (ਕਬਜ਼ੇ ਲਈ) ਆਰਡਰ ਵੱਖਰੀ ਕਿਸਮ ਦੇ ਕਿਵੇਂ ਹੁੰਦੇ ਹਨ?**

ਕਈ ਕਾਰਨਾਂ ਕਰਕੇ ਆਕਿਉਪੇਸ਼ਨ ਆਰਡਰ ਨੋਨ-ਮੋਲੈਸਟੇਸ਼ਨ ਆਰਡਰਾਂ ਨਾਲੋਂ ਵੱਧ ਗੁੰਝਲਦਾਰ ਹੁੰਦੇ ਹਨ, ਪਰ ਵੱਡਾ ਕਾਰਨ ਇਹ ਹੈ ਕਿ ਫ਼ੈਮਿਲੀ ਲਾਅ ਐਕਟ 1996 ਦੇ ਹਿੱਸੇ 4 ਦੇ ਪੰਜ ਵੱਖ ਵੱਖ ਸੈਕਸ਼ਨ ਇਹਦੇ 'ਤੇ ਲਾਗੂ ਹੁੰਦੇ ਹਨ (ਸੈਕਸ਼ਨ 33, 35, 36,37 ਅਤੇ 38)।

ਆਰਡਰ ਮਿਲਣਾ ਕੇਸ ਵਿਚ ਸ਼ਾਮਿਲ ਧਿਰਾਂ ਦੇ ਆਪਸੀ ਸੰਬੰਧਾਂ 'ਤੇ ਨਿਰਭਰ ਹੁੰਦਾ ਹੈ, ਅਤੇ ਇਸ ਗੱਲ 'ਤੇ ਵੀ ਕਿ ਕੀ ਬਿਨੈਕਾਰ ਨੂੰ ਇਸ ਵੇਲੇ ਕਬਜ਼ੇ ਦੇ ਹੱਕ ਹਨ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਬਿਨੈਕਾਰ ਉਸੇ ਘਰ ਲਈ ਆਕਿਉਪੇਸ਼ਨ ਆਰਡਰ ਮੰਗ ਸਕਦਾ/ਸਕਦੀ ਹੈ ਜੋ ਦੋਹਾਂ ਧਿਰਾਂ ਦਾ ਘਰ ਰਿਹਾ ਹੈ ਜਾਂ ਜਿਹਨੂੰ ਘਰ ਬਣਾਉਣ ਦਾ ਉਹਨਾਂ ਦਾ ਵਿਚਾਰ ਹੈ। ਮਿਸਾਲ ਵਜੋਂ, ਇਹ ਆਰਡਰ ਉਸ ਘਰ 'ਤੇ ਲਾਗੂ ਨਹੀਂ ਹੋ ਸਕਦਾ ਹੈ ਜੋ ਕਮਾਈ ਕਰਨ ਲਈ ਖ਼ਰੀਦਿਆ ਗਿਆ ਹੈ।

**ਕਿੰਨੀ ਕਿਸਮ ਦੇ ਆਕਿਉਪੇਸ਼ਨ ਆਰਡਰ ਹੁੰਦੇ ਹਨ?**

ਐਫ਼ ਐਲ ਏ 1996 ਦੇ ਤਹਿਤ ਅਦਾਲਤ ਕਈ ਕਿਸਮ ਦੇ ਆਕਿਉਪੇਸ਼ਨਲ ਆਰਡਰ ਜਾਰੀ ਕਰ ਸਕਦੀ ਹੈ। ਇਹਨਾਂ ਵਿਚੋਂ ਕੁਝ ਦੀ ਲਿਸਟ ਇੱਥੇ ਦਿੱਤੀ ਜਾ ਰਹੀ ਹੈ ਤਾਕਿ ਬਿਨੈਕਾਰ ਨੂੰ ਕੁਝ ਅੰਦਾਜ਼ਾ ਹੋ ਜਾਏ ਕਿ ਉਹ ਕੀ ਆਸ ਰੱਖ ਸਕਦਾ/ਸਕਦੀ ਹੈ।

---

[9] ਕੋਰਟ ਫ਼ਾਰਮ ਵੈੱਬਸਾਈਟ www.hmcourts-service.gov.uk/HMCSCourtFinder/FormFinder.do ਤੋਂ ਮਿਲ ਸਕਦੇ ਹਨ, ਕੁਝ ਅਰਜ਼ੀ ਫ਼ਾਰਮ ਵੈੱਬਸਾਈਟ www.hmcourts-service/gov.uk/onlineservices 'ਤੇ ਭਰੇ ਵੀ ਜਾ ਸਕਦੇ ਹਨ।

ਆਰਡਰ ਇਹਨਾਂ ਵਿਚੋਂ ਕੋਈ ਕੰਮ ਕਰ ਸਕਦਾ ਹੈ:

- ਬਿਨੈਕਾਰ ਨੂੰ ਘਰ ਵਿਚ ਜਾਂ ਘਰ ਦੇ ਕਿਸੇ ਹਿੱਸੇ ਵਿਚ ਰਹਿਣ ਦੀ ਇਜਾਜ਼ਤ ਦੇਣਾ
- ਜਵਾਬਦੇਹ ਧਿਰ ਨੂੰ ਘਰ ਵਿਚ ਜਾਂ ਘਰ ਦੇ ਹਿੱਸੇ ਵਿਚ ਰਹਿਣੋਂ ਮਨ੍ਹਾਂ ਕਰਨਾ
- ਜਵਾਬਦੇਹ ਧਿਰ ਨੂੰ ਘਰ ਛੱਡ ਜਾਣ ਦਾ ਹੁਕਮ ਦੇਣਾ (ਕਿਸੇ ਖ਼ਾਸ ਸਮੇਂ ਜਾਂ ਤਾਰੀਖ਼ ਤਕ)
- ਜਵਾਬਦੇਹ ਧਿਰ ਨੂੰ ਦੱਸੇ ਗਏ ਪਤੇ 'ਤੇ ਵਾਪਸ ਆਉਣੋਂ ਮਨ੍ਹਾਂ ਕਰਨਾ
- ਜਵਾਬਦੇਹ ਧਿਰ ਨੂੰ ਹੁਕਮ ਦੇਣਾ ਕਿ ਉਹ ਬਿਨੈਕਾਰ ਨੂੰ ਘਰ ਵਿਚੋਂ ਨਾ ਕੱਢੇ
- ਘਰ 'ਤੇ ਕਾਬਜ਼ ਧਿਰ ਨੂੰ ਕਹਿਣਾ ਕਿ ਉਹ ਘਰ ਦੀ ਜਾਇਜ਼ ਦੇਖਭਾਲ ਕਰੇ
- ਘਰ ਦੇ ਫ਼ਰਨੀਚਰ ਅਤੇ ਹਿਲਾਈਆਂ ਜਾ ਸਕਣ ਵਾਲੀਆਂ ਚੀਜ਼ਾਂ ਦੀ ਵਰਤੋਂ ਦੇ ਨਿਯਮ ਨਿਸ਼ਚਿਤ ਕਰਨਾ, ਅਤੇ
- ਬਿਨੈਕਾਰ ਜਾਂ ਜਵਾਬਦੇਹ ਧਿਰ ਨੂੰ ਹੁਕਮ ਦੇਣਾ ਕਿ ਉਹ ਘਰ ਦੀ ਮੌਰਗੇਜ ਜਾਂ ਕਿਰਾਇਆ ਦਿੰਦਾ/ਦਿੰਦੀ ਰਹੇ

ਆਕਿਉਪੇਸ਼ਨ ਆਰਡਰਾਂ ਵਿਚ ਸਜ਼ਾ ਦੇਣ ਦੇ ਨੋਟਿਸ ਵੀ ਸ਼ਾਮਿਲ ਹੋ ਸਕਦੇ ਹਨ ਅਤੇ ਅਦਾਲਤ ਕਿਸੇ ਆਰਡਰ ਦੇ ਨਾਲ ਗਰਿਫ਼ਤਾਰ ਕਰਨ ਦੀ ਸ਼ਕਤੀ ਵੀ ਜੋੜ ਸਕਦੀ ਹੈ (ਅੱਗੇ ਦੇਖੋ)। ਪਰ ਅਦਾਲਤ ਘਰ ਦੀ ਜਾਇਜ਼ ਦੇਖਭਾਲ ਕਰਨ, ਮੌਰਗੇਜ ਜਾਂ ਕਿਰਾਇਆ ਦੇਣ, ਜਾਂ ਫ਼ਰਨੀਚਰ ਜਾਂ ਹਿਲਾਈਆਂ ਜਾਣ ਵਾਲੀਆਂ ਚੀਜ਼ਾਂ ਦੀ ਦੇਖਭਾਲ ਦੇ ਹੁਕਮ ਦੇ ਨਾਲ ਗਰਿਫ਼ਤਾਰ ਕਰਨ ਦੀ ਸ਼ਕਤੀ ਨਹੀਂ ਜੋੜ ਸਕਦੀ। ਕਾਨੂੰਨ ਵਿਚ ਇਸ ਵੇਲੇ ਇਸ ਪਾੜੇ ਕਾਰਨ ਅਦਾਲਤ ਮੌਰਗੇਜ ਜਾਂ ਕਿਰਾਇਆ ਕਾਨੂੰਨੀ ਤੌਰ 'ਤੇ ਨਹੀਂ ਦੁਆ ਸਕਦੀ।

ਬਹੁਤ ਖ਼ਾਸ ਹਾਲਤਾਂ ਵਿਚ, ਬਿਨੈਕਾਰ ਨੌਨ-ਮੋਲੈਸਟੇਸ਼ਨ ਅਰਜ਼ੀਆਂ ਵਾਂਗ ਬਿਨਾਂ ਨੋਟਿਸ ਦਿੱਤਿਆਂ ਆਕਿਉਪੇਸ਼ਨ ਆਰਡਰ ਲੈ ਸਕਦੀਆਂ ਹਨ, ਜੇ ਜਵਾਬਦੇਹ ਧਿਰ ਆਕਿਉਪੇਸ਼ਨ ਆਰਡਰ ਦਾ ਉਲੰਘਣ ਕਰੇ, ਤਾਂ ਇਹਨੂੰ ਲਾਗੂ ਕਰਵਾਉਣ ਲਈ ਬਿਨੈਕਾਰ ਉਹੋ ਢੰਗ ਵਰਤ ਸਕਦੀ ਹੈ ਜੋ ਨੌਨ-ਮੋਲੈਸਟੇਸ਼ਨ ਆਰਡਰਾਂ ਲਈ।

**ਆਕਿਉਪੇਸ਼ਨ ਆਰਡਰ ਲਈ ਅਰਜ਼ੀ ਕੌਣ ਦੇ ਸਕਦੀ ਹੈ?**

ਤਿੰਨ ਕਿਸਮ ਦੇ ਲੋਕ ਆਕਿਉਪੇਸ਼ਨ ਆਰਡਰ ਲਈ ਅਰਜ਼ੀ ਦੇ ਸਕਦੇ ਹਨ:

- ਹੱਕਦਾਰ ਲੋਕ;
- ਗ਼ੈਰ-ਹੱਕਦਾਰ ਲੋਕ; ਅਤੇ
- ਜਿਹਨਾਂ ਲੋਕਾਂ ਨੂੰ ਵਿਆਹੁਤਾ ਘਰ ਦੇ ਜਾਂ ਸਿਵਿਲ ਪਾਰਟਨਰਜ਼ ਵਾਲੇ ਹੱਕ ਹਨ।

'ਹੱਕਦਾਰ' ਵਿਅਕਤੀ ਨੂੰ ਫ਼੍ਰੀਹੋਲਡ ਮਾਲਕ, ਕਿਰਾਏਦਾਰ, ਜਾਂ ਕਾਂਟ੍ਰੈਕਟ ਦਾ ਲਾਈਸੰਸ ਲੈਣ ਵਾਲੇ/ਵਾਲੀ ਦੇ ਤੌਰ 'ਤੇ ਘਰ ਵਿਚ ਰਹਿਣ ਦਾ ਕੁਝ ਕਾਨੂੰਨੀ ਹੱਕ ਹੁੰਦਾ ਹੈ। 'ਗ਼ੈਰ-ਹੱਕਦਾਰ' ਵਿਅਕਤੀ ਨੂੰ ਇਹ ਹੱਕ ਨਹੀਂ ਹੁੰਦਾ।

ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲਾ/ਵਾਲੀ ਕਿਸ ਕਿਸਮ ਦੇ ਆਕਿਉਪੇਸ਼ਨ ਆਰਡਰ ਲਈ ਅਰਜ਼ੀ ਦੇ ਸਕਦਾ/ਸਕਦੀ ਹੈ, ਇਹ ਇਸ ਗੱਲ 'ਤੇ ਨਿਰਭਰ ਹੋਏਗਾ ਕਿ ਉਹ ਹੱਕਦਾਰ ਹੈ ਜਾਂ ਗ਼ੈਰ-ਹੱਕਦਾਰ। ਜੇ ਉਹਨੂੰ ਹੱਕ ਨਹੀਂ, ਤਾਂ ਉਹਦੀ ਅਰਜ਼ੀ ਦੀ ਕਿਸਮ ਇਸ ਗੱਲ 'ਤੇ ਨਿਰਭਰ ਹੋਏਗੀ ਕਿ ਉਹਦਾ ਜਵਾਬਦੇਹ ਵਿਅਕਤੀ ਨਾਲ ਵਿਆਹ ਹੋਇਆ ਹੈ ਜਾਂ ਨਹੀਂ। ਹੱਕਦਾਰ ਵਿਅਕਤੀ ਐਫ਼ ਐਲ ਏ ਦੇ ਸੈਕਸ਼ਨ 33 ਦੇ ਤਹਿਤ ਅਤੇ ਗ਼ੈਰ-ਹੱਕਦਾਰ ਵਿਅਕਤੀ ਸੈਕਸ਼ਨ 35, 36, 37 ਜਾਂ 38 ਦੇ ਤਹਿਤ ਅਰਜ਼ੀ ਦੇ ਸਕਦਾ ਹੈ।

ਜਿਸ ਹੱਕਦਾਰ ਵਿਅਕਤੀ ਨੇ ਆਕਿਉਪੇਸ਼ਨ ਆਰਡਰ ਲਈ ਅਰਜ਼ੀ ਦੇਣੀ ਹੋਵੇ ਉਹਨੂੰ ਲਾਜ਼ਮੀ ਤੌਰ 'ਤੇ ਸਾਬਤ ਕਰਨਾ ਪਏਗਾ ਕਿ ਜਵਾਬਦੇਹ ਵਿਅਕਤੀ ਨਾਲ ਉਹਦਾ ਸੰਬੰਧ ਹੈ, ਜਿਵੇਂ, ਵਿਆਹ ਰਾਹੀਂ ਜਾਂ ਵਿਆਹਿਆਂ ਵਰਗੇ ਸੰਬੰਧਾਂ ਕਾਰਨ।

ਸੰਬੰਧਾਂ ਦੀਆਂ ਪਰਿਭਾਸ਼ਾਵਾਂ ਦੀ ਲਿਸਟ ਅੰਤਿਕਾ ਏ ਵਿਚ ਦਿੱਤੀ ਗਈ ਹੈ।

## ਸੁਣਵਾਈ ਅਤੇ ਆਰਡਰਾਂ ਵਿਚ ਕਿਹੜੀਆਂ ਗੱਲਾਂ ਸ਼ਾਮਿਲ ਹਨ?

ਨੌਨ-ਮੌਲੈਸਟੇਸ਼ਨ ਅਤੇ ਆਕਿਉਪੇਸ਼ਨ ਆਰਡਰਾਂ ਲਈ FL401 ਅਰਜ਼ੀਆਂ ਦੀ ਸੁਣਵਾਈ ਕਾਊਂਟੀ ਕੋਰਟ ਵਿਚ "ਇਨ ਚੈਂਬਰ" (ਜੱਜ ਦੇ ਕਮਰੇ ਵਿਚ) ਪ੍ਰਾਈਵੇਟ ਰੂਪ ਵਿਚ ਹੁੰਦੀ ਹੈ। ਇਹ ਐਫ਼ ਪੀ ਸੀ ਵਿਚ ਵੀ ਹੋ ਸਕਦੀ ਹੈ, ਪਰ ਇਸ ਹਾਲਤ ਵਿਚ ਵੀ ਆਮ ਲੋਕ ਕੋਰਟ ਰੂਮ ਵਿਚ ਨਹੀਂ ਆ ਸਕਦੇ। ਪਰ ਅਦਾਲਤ ਕੁਝ ਹੋਰ ਲੋਕਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਦੇ ਸਕਦੀ ਹੈ, ਜਿਵੇਂ ਮਦਦ ਦੇਣ ਲਈ ਕੋਈ ਦੋਸਤ ਜਾਂ ਸੁਤੰਤਰ ਸਲਾਹਕਾਰ। ਬਿਨੈਕਾਰ ਨੂੰ ਅਦਾਲਤ ਨੂੰ ਜ਼ਬਾਨੀ ਗਵਾਹੀ ਦੇਣ ਲਈ ਆਖਿਆ ਜਾ ਸਕਦਾ ਹੈ। ਸੁਣਵਾਈ ਨੂੰ ਲੱਗਣ ਵਾਲਾ ਸਮਾਂ ਵੱਖ ਵੱਖ ਹੋ ਸਕਦਾ ਹੈ, ਜੋ ਕੇਸ ਦੀ ਪੇਚੀਦਗੀ 'ਤੇ ਅਤੇ ਇਸ ਗੱਲ 'ਤੇ ਨਿਰਭਰ ਹੋਏਗਾ ਕਿ ਕੀ ਜਵਾਬਦੇਹ ਵਿਅਕਤੀ ਇਲਜ਼ਾਮਾਂ ਨੂੰ ਗ਼ਲਤ ਆਖਦਾ ਹੈ ਜਾਂ ਨਹੀਂ। ਕੇਸ ਦੀ ਸੁਣਵਾਈ ਮਗਰੋਂ ਅਦਾਲਤ ਇਹਨਾਂ ਵਿਚੋਂ ਕੋਈ ਕੰਮ ਕਰ ਸਕਦੀ ਹੈ:

ੳ) ਅਰਜ਼ੀ ਨੂੰ ਰੱਦ ਕਰ ਦੇਣਾ; ਜਾਂ

ਅ) ਨੌਨ-ਮੋਲੈਸਟੇਸ਼ਨ ਅਤੇ/ਜਾਂ ਆਕਿਉਪੇਸ਼ਨ ਆਰਡਰ ਦੇਣਾ; ਜਾਂ

ੲ) ਬਿਨੈਕਾਰ ਅਤੇ ਜਵਾਬਦੇਹ ਵਿਅਕਤੀ ਦੋਹਾਂ ਵਲੋਂ ਆਪਸ ਵਿਚ ਮੰਨੀਆਂ ਗਈਆਂ ਸ਼ਰਤਾਂ ਅਨੁਸਾਰ ਜਵਾਬਦੇਹ ਧਿਰ ਦਾ "ਵਚਨ" ਮੰਨ ਲੈਣਾ (ਇਹਦੇ ਬਾਰੇ ਅੱਗੇ ਪੜ੍ਹੋ), ਪਰ ਅਦਾਲਤ ਨੂੰ ਇਹ ਤਸੱਲੀ ਹੋਣਾ ਜ਼ਰੂਰੀ ਹੈ ਕਿ ਇਹਦੇ ਨਾਲ ਬਿਨੈਕਾਰ ਨੂੰ ਕਾਫ਼ੀ ਹਿਫ਼ਾਜ਼ਤ ਮਿਲ ਸਕਦੀ ਹੈ।

## 'ਵਚਨ' (ਅੰਡਰਟੇਕਿੰਗਜ਼) ਕੀ ਹੁੰਦੇ ਹਨ?

ਅੰਡਰਟੇਕਿੰਗ ਜਾਂ ਵਚਨ ਇਕ ਢੰਗ ਹੈ ਜਿਹਦੇ ਨਾਲ ਦੋਵੇਂ ਧਿਰਾਂ ਪੂਰੀ ਸੁਣਵਾਈ ਹੋਇਆਂ ਬਿਨਾਂ ਹੀ ਆਪਣਾ ਝਗੜਾ ਨਿਪਟਾ ਸਕਦੀਆਂ ਹਨ। ਇਹ ਵਚਨ ਅਦਾਲਤ ਨੂੰ ਦਿੱਤਾ ਜਾਂਦਾ ਹੈ ਕਿ ਕੁਝ ਕੰਮ ਕੀਤੇ ਜਾਣਗੇ, ਜਾਂ ਨਹੀਂ ਕੀਤੇ ਜਾਣਗੇ। **ਵਚਨ ਦੇਣ ਦਾ ਅਰਥ ਕਸੂਰ ਮੰਨਣਾ ਨਹੀਂ ਹੈ।** ਕਾਊਂਟੀ ਜਾਂ ਫ਼ੈਮਿਲੀ ਕੋਰਟ ਵਿਚ ਦੀ ਸੁਣਵਾਈ ਲਿਸਟ ਵਿਚ ਸ਼ਾਮਿਲ ਕੇਸਾਂ ਬਾਰੇ ਵੀ ਵਚਨ ਦਿੱਤੇ ਜਾ ਸਕਦੇ ਹਨ, ਪਰ ਇਹਨਾਂ ਵਚਨਾਂ ਨੂੰ ਤੋੜਨ ਦੀਆਂ ਸਜ਼ਾਵਾਂ ਐਫ਼ ਪੀ ਸੀ ਵਾਲੀਆਂ ਨਹੀਂ। ਪਰ ਦੋਹਨਾਂ ਅਦਾਲਤਾਂ ਨੂੰ ਉਹੀ ਵਚਨ ਮੰਨਣੇ ਚਾਹੀਦੇ ਹਨ ਜਿਹਨਾਂ ਨੂੰ ਮੰਨ ਲੈਣਾ ਉਹਨਾਂ ਨੂੰ ਸੁਰੱਖਿਅਤ ਜਾਪੇ। ਜਵਾਬਦੇਹ ਵਿਅਕਤੀ ਆਪਣਾ ਕਸੂਰ ਮੰਨੇ ਬਿਨਾਂ ਵੀ ਵਚਨ ਦੇ ਸਕਦਾ ਹੈ। ਇਸ ਲਈ, ਵਚਨ ਨੂੰ ਬਾਅਦ ਵਿਚ ਕੀਤੀ ਜਾਣ ਵਾਲੀ ਕ੍ਰਿਮੀਨਲ (ਫ਼ੌਜਦਾਰੀ) ਕਾਰਵਾਈ ਸਮੇਂ ਇਲਜ਼ਾਮ ਲਾਉਣ ਵੇਲੇ ਹਿੰਸਾ ਹੋਣ ਦੇ ਸਬੂਤ ਦੇ ਤੌਰ 'ਤੇ ਨਹੀਂ ਵਰਤਿਆ ਜਾ ਸਕਦਾ। ਨਾ ਹੀ ਇਹ ਇਸ ਗੱਲ ਦਾ ਸਬੂਤ ਹੁੰਦਾ ਹੈ ਕਿ ਬਦਸਲੂਕੀ ਹੋਈ ਹੈ।

ਅਦਾਲਤ ਵਚਨ ਦੇ ਨਾਲ ਗਰਿਫ਼ਤਾਰ ਕਰਨ ਦੀ ਸ਼ਕਤੀ ਨਹੀਂ ਜੋੜ ਸਕਦੀ, ਪਰ ਵਚਨ ਤੋੜਨਾ ਅਦਾਲਤ ਦੀ ਤੌਹੀਨ ਮੰਨੀ ਜਾਂਦੀ ਹੈ ਅਤੇ ਇਹਦਾ ਪਾਲਣ ਅਦਾਲਤ ਦੇ ਕਿਸੇ ਵੀ ਹੋਰ ਹੁਕਮ ਵਾਂਗ ਕਾਨੂੰਨੀ ਤੌਰ 'ਤੇ ਕਰਵਾਇਆ ਜਾ ਸਕਦਾ ਹੈ। ਵਚਨ (ਜਿਹਦੇ ਸ਼ਬਦ ਆਮ ਤੌਰ 'ਤੇ ਨੌਨ-ਮੌਲੈਸਟੇਸ਼ਨ ਆਰਡਰ ਵਰਗੇ ਹੁੰਦੇ ਹਨ) 'ਤੇ ਵਚਨ ਦੇਣ ਵਾਲੇ ਦੇ ਦਸਤਖ਼ਤ ਹੋਣਾ ਜ਼ਰੂਰੀ ਹੈ। ਅਦਾਲਤ ਆਮ ਤੌਰ 'ਤੇ ਫ਼ਾਰਮ N117 ਸੁਣਵਾਈ ਤੋਂ ਜਾਣ ਤੋਂ ਪਹਿਲਾਂ ਦੋਹਾਂ ਧਿਰਾਂ ਨੂੰ ਦਿੰਦੀ ਹੈ।

**ਕੀ ਆਰਡਰ ਬਦਲਿਆ ਜਾ ਸਕਦਾ ਹੈ?**

ਜੇ ਜਵਾਬਦੇਹ ਵਿਅਕਤੀ ਜਾਂ ਬਿਨੈਕਾਰ ਕਿਸੇ ਆਕਿਉਪੇਸ਼ਨ ਆਰਡਰ, ਨੌਨ-ਮੋਲੈਸਟੇਸ਼ਨ ਆਰਡਰ, ਜਾਂ ਦੋਹਾਂ (ਦੇ ਸ਼ਬਦਾਂ) ਨੂੰ ਬਦਲਨਾ ਚਾਹੇ ਜਾਂ ਇਹਨਾਂ ਨੂੰ ਰੱਦ (ਕੈਂਸਲ) ਕਰਵਾਉਣਾ ਚਾਹੇ, ਤਾਂ ਉਹਨਾਂ ਲਈ ਜ਼ਰੂਰੀ ਹੋਏਗਾ ਕਿ ਉਹ ਨੋਟਿਸ ਵਾਲੀ ਅਰਜ਼ੀ ਅਦਾਲਤ ਨੂੰ ਦੇਣ। ਅਦਾਲਤ ਅਗਲੀ ਸੁਣਵਾਈ ਦਾ ਪ੍ਰਬੰਧ ਕਰੇਗੀ।

**ਕੀ ਹੋਰ ਅਦਾਲਤਾਂ ਵਿਚ ਵੀ ਅਰਜ਼ੀਆਂ ਦਿੱਤੀਆਂ ਗਈਆਂ ਹਨ?**

ਕਰਮਚਾਰੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਖ਼ਾਸ ਤੌਰ 'ਤੇ ਸਿਵਿਲ ਅਤੇ/ਜਾਂ ਫ਼ੈਮਿਲੀ ਕੋਰਟਾਂ ਵਿਚ ਪ੍ਰਾਈਵੇਟ ਲਾਅ (ਵਿਅਕਤੀਆਂ ਵਿਚਕਾਰ) ਕੇਸਾਂ ਵਿਚ ਅਦਾਲਤਾਂ ਨੂੰ ਪਤਾ ਨਹੀਂ ਹੋ ਸਕਦਾ ਕਿ ਕੀ ਕ੍ਰਿਮੀਨਲ (ਫ਼ੌਜਦਾਰੀ) ਕੋਰਟਾਂ ਵਿਚ ਹੋਰ ਕੇਸ ਵੀ ਚਲ ਰਹੇ ਹਨ - ਜਦ ਤਕ ਅਦਾਲਤਾਂ ਇਹਦੇ ਬਾਰੇ ਪੁੱਛਣ ਨਾ। ਮਿਸਾਲ ਵਜੋਂ, ਰਾਬਤਾ ਕਰਨ ਲਈ ਅਰਜ਼ੀ ਦੀ ਸੁਣਵਾਈ ਕਰਨ ਵਾਲੀ ਅਦਾਲਤ ਨੂੰ ਖ਼ੁਦ-ਬ-ਖ਼ੁਦ ਪਤਾ ਨਹੀਂ ਲਗ ਸਕਦਾ ਕਿ ਕੋਈ ਕ੍ਰਿਮੀਨਲ ਕੇਸ ਵੀ ਚਲ ਰਿਹਾ ਹੈ ਜਿਸ ਵਿਚ ਜ਼ਮਾਨਤ ਦੀਆਂ ਸ਼ਰਤਾਂ ਅਨੁਸਾਰ ਜਵਾਬਦੇਹ ਵਿਅਕਤੀ (ਜਿਹਦੇ 'ਤੇ ਜੁਰਮ ਕਰਨ ਦਾ ਦੋਸ਼ ਲੱਗਿਆ ਹੈ) 'ਤੇ ਬੱਚਿਆਂ ਨੂੰ ਮਿਲਣ ਦੀ ਮਨਾਹੀ ਲੱਗੀ ਹੋਈ ਹੈ। ਕਾਨੂੰਨੀ ਨੁਮਾਇੰਦਿਆਂ ਨੂੰ ਇਹ ਚੰਗੀ ਸਲਾਹ ਦਿੱਤੀ ਜਾਂਦੀ ਹੈ ਕਿ ਹੋਰ ਕਾਰਵਾਈਆਂ ਬਾਰੇ ਉਹ ਆਪਣੇ ਮੁਵੱਕਿਲਾਂ ਨੂੰ ਪੁੱਛ ਲੈਣ। ਅਦਾਲਤਾਂ ਇਹਨਾਂ ਧਿਰਾਂ ਦਾ ਧਿਆਨ ਚੱਲ ਰਹੀਆਂ ਹੋਰ ਕਾਨੂੰਨੀ ਕਾਰਵਾਈਆਂ ਵਲ ਦੁਆ ਸਕਦੀਆਂ ਹਨ, ਪਰ ਕਾਨੂੰਨੀ ਸਲਾਹਕਾਰਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਦਾਲਤ ਨੂੰ ਸਭ ਪਿਛਲੀਆਂ ਅਤੇ ਮੌਜੂਦਾ ਕਾਰਵਾਈਆਂ ਬਾਰੇ ਦੱਸਿਆ ਜਾਏ, ਜਦ ਗਵਾਹੀ ਦੇਣ ਦੇ ਕਾਨੂੰਨਾਂ ਅਨੁਸਾਰ ਇਹ ਜਾਣਕਾਰੀ ਦੇਣ ਦੀ ਇਜਾਜ਼ਤ ਹੋਵੇ।

ਇਸ ਗਾਈਡ ਦੇ ਤੀਸਰੇ ਹਿੱਸੇ ਵਿਚ, ਅਸੀਂ ਸਬੂਤ ਪੇਸ਼ ਕਰਨ ਅਤੇ ਵੱਖ ਵੱਖ ਅਦਾਲਤਾਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਦੇ ਨਿਯਮਾਂ ਬਾਰੇ ਹੋਰ ਜਾਣਕਾਰੀ ਦਿਆਂਗੇ। (ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ ਦੇ ਕੰਮ ਵਾਲਾ ਹਿੱਸਾ ਪੜ੍ਹੋ)।

**ਕੀ ਤੁਸੀਂ ਅਪੀਲ ਕਰ ਸਕਦੇ ਹੋ?**

ਜਦ ਦੋਵੇਂ ਧਿਰਾਂ ਸੁਣਵਾਈ ਵੇਲੇ ਹਾਜ਼ਿਰ ਹੋ ਚੁੱਕਣ ਅਤੇ ਦਿੱਤੇ ਗਏ ਆਰਡਰ ਤੋਂ ਉਹਨਾਂ ਵਿਚੋਂ ਇਕ ਜਾਂ ਦੋਹਾਂ ਨੂੰ ਤਸੱਲੀ ਨਾ ਹੋਵੇ, ਤਾਂ ਆਰਡਰ IV ਦੀ ਅਪੀਲ ਕੀਤੀ ਜਾ ਸਕਦੀ ਹੈ। ਅਪੀਲ ਆਰਡਰ ਮਿਲਣ ਤੋਂ ਬਾਅਦ 14 ਦਿਨਾਂ ਦੇ ਅੰਦਰ ਕਰਨੀ ਪੈਂਦੀ ਹੈ। ਜੇ ਅਪੀਲ ਕਰਨ ਵਾਲਾ/ਵਾਲੀ ਇਸ ਸਮੇਂ ਦੇ ਅੰਦਰ ਅਪੀਲ ਨਾ ਕਰ ਸਕੇ, ਤਾਂ ਉਹ ਉਸੇ ਕੋਰਟ ਨੂੰ ਅਰਜ਼ੀ ਦੇ ਸਕਦਾ/ਸਕਦੀ ਹੈ ਕਿ ਅਪੀਲ ਤਿਆਰ ਕਰਨ ਲਈ ਹੋਰ ਸਮਾਂ ਦਿੱਤਾ ਜਾਏ।
ਜਿਸ ਅਦਾਲਤ ਨੇ ਆਰਡਰ ਦਿੱਤਾ ਸੀ ਉਹਤੋਂ ਵੱਖਰੀਆਂ ਅਦਾਲਤਾਂ ਵਿਚ ਅਪੀਲਾਂ ਦੀ ਸੁਣਵਾਈ ਹੁੰਦੀ ਹੈ:

- ਫ਼ੈਮਿਲੀ ਪ੍ਰੌਸੀਡਿੰਗਜ਼ ਕੋਰਟ ਵਿਚ ਦਿੱਤੇ ਗਏ ਆਰਡਰਾਂ ਦੀ ਅਪੀਲ ਹਾਈ ਕੋਰਟ ਦੇ ਡਿਵੀਜ਼ਨਲ ਕੋਰਟ ਵਿਚ ਸੁਣੀ ਜਾਂਦੀ ਹੈ
- ਡਿਸਟ੍ਰਿਕਟ ਜੱਜ ਵਲੋਂ ਦਿੱਤੇ ਗਏ ਆਰਡਰਾਂ ਦੀ ਅਪੀਲ ਦੀ ਸੁਣਵਾਈ ਕਾਊਂਟੀ ਕੋਰਟ ਵਿਚ ਸਰਕਟ ਜੱਜ ਦੇ ਸਾਹਮਣੇ ਹੁੰਦੀ ਹੈ
- ਹਾਈ ਕੋਰਟ ਦੇ ਡਿਸਟ੍ਰਿਕਟ ਜੱਜ ਵਲੋਂ ਦਿੱਤੇ ਗਏ ਆਰਡਰਾਂ ਦੀ ਅਪੀਲ ਦੀ ਸੁਣਵਾਈ ਉਸੇ ਇਲਾਕੇ ਦੇ ਹਾਈ ਕੋਰਟ ਜੱਜ ਦੇ ਸਾਹਮਣੇ ਹੁੰਦੀ ਹੈ; ਅਤੇ
- ਸਰਕਟ ਜੱਜ ਵਲੋਂ ਦਿੱਤੇ ਗਏ ਆਰਡਰਾਂ ਦੀ ਅਪੀਲ ਦੀ ਸੁਣਵਾਈ ਕੋਰਟ ਆੱਵ ਅਪੀਲ ਵਿਚ ਹੁੰਦੀ ਹੈ।

**ਗਰਿਫ਼ਤਾਰ ਕਰਨ ਦੀ ਸ਼ਕਤੀ ਵਿਚ ਕੀ ਕੁਝ ਸ਼ਾਮਿਲ ਹੁੰਦਾ ਹੈ?**

ਗਰਿਫ਼ਤਾਰ ਕਰਨ ਦੀ ਸ਼ਕਤੀ (ਪਾਵਰ ਆੱਵ ਅਰੈਸਟ ਜਾਂ ਪੀ ਓ ਏ) (1 ਜੁਲਾਈ 2007 ਤਕ) ਕਿਸੇ ਨੌਨ-ਮੋਲੈਸਟੇਸ਼ਨ ਆਰਡਰ ਜਾਂ ਆਕਿਉਪੇਸ਼ਨ ਆਰਡਰ ਦੇ ਨਾਲ ਜੋੜੀ ਜਾ ਸਕਦੀ ਹੈ, ਜਿੱਥੇ ਹਿੰਸਾ ਜਾਂ ਹਿੰਸਤਾਮਕ ਡਰ ਹੋਣ ਦੀ ਸੰਭਾਵਨਾ ਹੋਵੇ ਇਹਦੇ ਨਾਲ ਕਿਸੇ ਪੁਲਿਸ ਅਫ਼ਸਰ ਨੂੰ ਇਹ ਇਖ਼ਤਿਆਰ ਮਿਲਦਾ ਹੈ ਕਿ ਉਹ ਬਿਨਾਂ ਵਾਰੰਟ ਜਵਾਬਦੇਹ ਵਿਅਕਤੀ ਨੂੰ ਗਰਿਫ਼ਤਾਰ ਕਰ ਸਕੇ ਜੇ ਪੁਲਿਸ ਨੂੰ ਜਾਇਜ਼ ਸ਼ੱਕ ਹੋਵੇ ਕਿ ਉਸ ਵਿਅਕਤੀ ਨੇ ਆਰਡਰ ਦੀਆਂ ਸ਼ਰਤਾਂ ਦਾ ਉਲੰਘਣ

ਕੀਤਾ ਹੈ। ਬਿਨੈਕਾਰ ਨੂੰ ਇਹਦਾ ਮੁੱਖ ਫ਼ਾਇਦਾ ਇਹ ਹੁੰਦਾ ਹੈ ਕਿ ਉਹਨੂੰ ਅਦਾਲਤ ਕੋਲ ਵੱਖਰੀ ਅਰਜ਼ੀ ਦੇਣ ਦੀ ਲੋੜ ਨਹੀਂ ਹੁੰਦੀ ਕਿ ਗਰਿਫ਼ਤਾਰੀ ਦਾ ਵਾਰੰਟ ਜਾਰੀ ਕੀਤਾ ਜਾਏ। ਅਦਾਲਤ ਕਿਸੇ ਆਰਡਰ ਦੇ ਨਾਲ ਗਰਿਫ਼ਤਾਰ ਕਰਨ ਦੀ ਸ਼ਕਤੀ ਜੋੜ ਸਕਦੀ ਹੈ, ਭਾਵੇਂ ਇਹ ਆਰਡਰ ਨੋਟਿਸ ਵਾਲਾ ਹੋਵੇ ਜਾਂ ਬਿਨਾਂ ਨੋਟਿਸ ਵਾਲਾ। ਮੁਲਜ਼ਿਮ ਨੂੰ ਗਰਿਫ਼ਤਾਰ ਕਰਨ ਮਗਰੋਂ ਪੁਲਿਸ ਲਈ ਜ਼ਰੂਰੀ ਹੈ ਕਿ ਉਹ ਮੁਲਜ਼ਿਮ ਨੂੰ 24 ਘੰਟਿਆਂ ਦੇ ਅੰਦਰ (ਗਰਿਫ਼ਤਾਰ ਕਰਨ ਦੇ ਸਮੇਂ ਤੋਂ ਲੈ ਕੇ) (ਮੂਲ ਆਰਡਰ ਦੇਣ ਵਾਲੀ ਅਦਾਲਤ ਦੇ ਪੱਧਰ ਦੀ) ਅਦਾਲਤ ਵਿਚ ਪੇਸ਼ ਕਰੇ। ਜੇ ਉਂਨੇ ਸਮੇਂ ਵਿਚ ਅਦਾਲਤ ਇਸ ਕੇਸ ਨੂੰ ਨਾ ਨਿਪਟਾ ਸਕੇ, ਤਾਂ ਉਹਦੇ ਕੋਲ ਇਖ਼ਤਿਆਰ ਹੁੰਦਾ ਹੈ ਕਿ ਉਹ ਮੁਲਜ਼ਿਮ ਨੂੰ ਹਿਰਾਸਤ ਵਿਚ ਭੇਜ ਸਕੇ ਜਾਂ ਜ਼ਮਾਨਤ 'ਤੇ ਰਿਹਾ ਕਰ ਸਕੇ।

ਪਰ, ਡੀ ਵੀ ਐਕਟ 2004 ਦੇ ਸੈਕਸ਼ਨ 1 ਦੀ ਸੋਧ, ਐਫ਼ ਐਲ ਏ ਨੌਨ-ਮੋਲੈਸਟੇਸ਼ਨ ਆਰਡਰ ਦੀ ਉਲੰਘਣਾ ਨੂੰ ਜੁਰਮ ਕਰਾਰ ਦਿੰਦੀ ਹੈ ਅਤੇ 1 ਜੁਲਾਈ 2007 ਤੋਂ ਇਹਦੇ ਲਾਗੂ ਹੋਣ ਮਗਰੋਂ ਅਦਾਲਤਾਂ ਲਈ ਨੌਨ-ਮੋਲੈਸਟੇਸ਼ਨ ਆਡਰਾਂ ਦੇ ਨਾਲ ਗਰਫ਼ਿਤਾਰ ਕਰਨ ਦੀ ਸ਼ਕਤੀ ਜੋੜਨਾ ਗ਼ੈਰ-ਕਾਨੂੰਨੀ ਹੋ ਜਾਏਗਾ। ਇਹਤੋਂ ਅਲਾਵਾ, ਸੀਰੀਅਸ ਔਰਗੇਨਾਈਜ਼ਡ ਕ੍ਰਾਈਮ ਐਂਡ ਪੋਲੀਸ ਐਕਟ 2005 (ਐੱਸ ਓ ਸੀ ਪੀ ਏ) ਦੇ ਤਹਿਤ ਜਨਵਰੀ 2006 ਤੋਂ ਪੀ ਏ ਸੀ ਈ ਦੇ ਸੈਕਸ਼ਨ 24 ਅਨੁਸਾਰ ਗਰਿਫ਼ਤਾਰ ਕੀਤੇ ਜਾਣ ਵਾਲੇ ਜੁਰਮਾਂ ਦੀ ਲਿਸਟ ਆ ਗਈ ਹੈ, ਅਤੇ ਇਹਨੇ ਡੀ ਵੀ ਐਕਟ 2004 ਦੇ ਸੈਕਸ਼ਨ 10 ਦੀ ਥਾਂ ਲੈ ਲਈ ਹੈ। ਪਰ ਹਾਲੇ ਵੀ ਜਿੱਥੇ ਲੋੜ ਸਮਝੀ ਗਈ, ਆਕਿਉਪੇਸ਼ਨ ਆਰਡਰਾਂ ਦੇ ਨਾਲ ਗਫ਼ਿਤਾਰ ਕਰਨ ਦੀ ਸ਼ਕਤੀ ਜੋੜੀ ਜਾਏਗੀ।

ਗਰਿਫ਼ਤਾਰ ਕਰਨ ਦੀ ਸ਼ਕਤੀ ਦੇ ਨਾਲ ਇਹਦੇ ਖ਼ਤਮ ਹੋਣ ਦੀ ਤਾਰੀਖ਼ ਦੱਸਣਾ ਜ਼ਰੂਰੀ ਹੈ। ਕਦੇ ਕਦੇ ਇਹ ਜਿਸ ਆਰਡਰ ਨਾਲ ਲਾਈ ਜਾਂਦੀ ਹੈ ਉਹਦੇ ਖ਼ਤਮ ਹੋਣ ਤੋਂ ਪਹਿਲਾਂ ਵੀ ਇਹ ਸ਼ਕਤੀ ਖ਼ਤਮ ਹੋ ਜਾਂਦੀ ਹੈ। ਮਿਸਾਲ ਵਜੋਂ, ਅਜਿਹਾ ਤਦ ਹੋ ਸਕਦਾ ਹੈ ਜਦ ਇਸ ਸ਼ਕਤੀ ਦਾ ਸੰਬੰਧ ਆਰਡਰ ਦੇ ਕਿਸੇ ਹਿੱਸੇ ਨਾਲ ਹੀ ਹੋਵੇ।
ਗਰਿਫ਼ਤਾਰ ਕਰਨ ਦੀ ਸ਼ਕਤੀ ਦਾ ਫ਼ਾਰਮ FL406 'ਤੇ ਇਹ ਸਪਸ਼ਟ ਦੱਸਿਆ ਹੋਣਾ ਜ਼ਰੂਰੀ ਹੈ ਕਿ ਆਰਡਰ ਦੇ ਕਿਹੜੇ ਹਿੱਸਿਆਂ ਨਾਲ ਇਹ ਸ਼ਕਤੀ "ਲਾਈ ਗਈ ਹੈ"। ਇਹ ਫ਼ਾਰਮ ਕਿਸੇ ਬਿਨੈਕਾਰ ਦੇ ਇਲਾਕੇ ਦੇ ਪੁਲਿਸ ਸਟੇਸ਼ਨ ਦੇ ਅਫ਼ਸਰ ਇਨ-ਚਾਰਜ ਨੂੰ ਦੇਣਾ ਚਾਹੀਦਾ ਹੈ। ਇਹਦੇ ਨਾਲ ਬਿਨੈਕਾਰ (ਜਾਂ ਉਹਦੇ ਸੋਲਿਸਟਰ ਦਾ) ਬਿਆਨ ਵੀ ਲਾਇਆ ਹੋਣਾ ਚਾਹੀਦਾ ਹੈ ਕਿ ਜਵਾਬਦੇਹ ਵਿਅਕਤੀ ਨੂੰ ਆਰਡਰ ਦੀਆਂ ਸ਼ਰਤਾਂ ਭੇਜੀਆਂ ਜਾਂ ਦੱਸੀਆਂ ਗਈਆਂ ਹਨ।

### ਗਰਿਫ਼ਤਾਰੀ ਦੇ ਵਾਰੰਟ ਦੀ ਲੋੜ ਕਦ ਪੈ ਸਕਦੀ ਹੈ?

ਜੇ ਕਿਸੇ ਆਰਡਰ ਦੇ ਨਾਲ ਜਾਂ ਉਸ ਆਰਡਰ ਦੇ ਕਿਸੇ ਹਿੱਸੇ ਦੇ ਨਾਲ ਗਰਿਫ਼ਤਾਰ ਕਰਨ ਦੀ ਸ਼ਕਤੀ ਨਾ ਲਾਈ ਗਈ ਹੋਵੇ, ਅਤੇ ਜਵਾਬਦੇਹ ਧਿਰ ਨੌਨ-ਮੋਲੈਸਟੇਸ਼ਨ ਆਰਡਰ ਜਾਂ ਆਕਿਉਪੇਸ਼ਨ ਆਰਡਰ ਦਾ ਉਲੰਘਣ ਕਰੇ, ਤਾਂ ਬਿਨੈਕਾਰ ਉਸੇ ਸਿਵਿਲ ਕੋਰਟ ਨੂੰ ਗਰਿਫ਼ਤਾਰੀ ਦਾ ਵਾਰੰਟ ਜਾਰੀ ਕਰਨ ਲਈ ਅਰਜ਼ੀ ਦੇ ਸਕਦਾ/ਸਕਦੀ ਹੈ। ਜੇ ਪੁਲਿਸ ਕਥਿਤ ਦੋਸ਼ੀ ਨੂੰ ਗਰਿਫ਼ਤਾਰ ਨਾ ਕਰੇ ਜਾਂ ਉਹਦੇ 'ਤੇ ਜੁਰਮ ਕਰਨ ਦਾ ਇਲਜ਼ਾਮ ਨਾ ਲਾਏ, ਤਦ ਵੀ ਇਹੋ ਢੰਗ ਵਰਤਿਆ ਜਾ ਸਕਦਾ ਹੈ। ਇਹ ਅਰਜ਼ੀ ਬਿਨਾਂ ਨੋਟਿਸ ਵਾਲੀ ਹੁੰਦੀ ਹੈ (ਜਿਵੇਂ ਪਹਿਲਾਂ ਸਮਝਾਇਆ ਗਿਆ ਹੈ) ਅਤੇ ਫ਼ਾਰਮ FL407 'ਤੇ ਦਿੱਤੀ ਜਾਂਦੀ ਹੈ, ਅਤੇ ਇਹਦੇ ਨਾਲ ਹਲਫ਼ੀਆ ਬਿਆਨ ਲਾਉਣਾ ਲਾਜ਼ਮੀ ਹੁੰਦਾ ਹੈ। ਜੇ ਅਦਾਲਤ ਨੂੰ ਤਸੱਲੀ ਹੋ ਜਾਏ ਕਿ ਜਵਾਬਦੇਹ ਵਿਅਕਤੀ ਨੇ ਆਰਡਰ ਦੀਆਂ ਸ਼ਰਤਾਂ ਦਾ ਪਾਲਣ ਨਹੀਂ ਕੀਤਾ, ਤਾਂ ਗਰਿਫ਼ਤਾਰੀ ਦਾ ਵਾਰੰਟ (ਫ਼ਾਰਮ FL408) ਜਾਰੀ ਕੀਤਾ ਜਾਂਦਾ ਹੈ। ਇਹ ਆਰਡਰ ਅਦਾਲਤ ਬਿਨੈਕਾਰ ਦੇ ਇਲਾਕੇ ਦੇ ਪੁਲਿਸ ਸਟੇਸ਼ਨ ਅਤੇ ਅਫ਼ਸਰ ਇਨ-ਚਾਰਜ ਨੂੰ ਭੇਜਦੀ ਹੈ।

### ਜੁਰਮ ਬਾਰੇ ਨੋਟਿਸ (ਪੀਨਲ ਨੋਟਿਸ) ਕੀ ਹੁੰਦਾ ਹੈ?

ਵਚਨ ਵਾਲੇ ਫ਼ਾਰਮ ਅਤੇ ਆਕਿਊਪੇਸ਼ਨ ਆਰਡਰ ਫ਼ਾਰਮ[10] ਦੋਹਾਂ ਵਿਚ ਇਹ ਸ਼ਬਦ ਵਰਤੇ ਜਾਂਦੇ ਹਨ: **"ਇਸ ਆਰਡਰ ਵਿਚ ਦਿੱਤੀਆਂ ਹਿਦਾਇਤਾਂ ਦਾ ਪਾਲਨ ਕਰਨਾ ਤੁਹਾਡੇ ਲਈ ਲਾਜ਼ਮੀ ਹੋਏਗਾ। ਜੇ ਤੁਸੀਂ ਅਜਿਹਾ ਨਹੀਂ ਕਰੋਗੇ, ਤਾਂ ਤੁਸੀਂ ਅਦਾਲਤ ਦੀ ਤੌਹੀਨ ਕਰਨ ਦੇ ਕਸੂਰਵਾਰ ਹੋਵੋਗੇ, ਅਤੇ ਤੁਹਾਨੂੰ ਜੇਲ੍ਹ ਭੇਜਿਆ ਜਾ ਸਕਦਾ ਹੈ।"**

[10] 1 ਜੁਲਾਈ 2007 ਤੋਂ, ਨੌਨ-ਮੋਲੈਸਟੇਸ਼ਨ ਅਤੇ ਆਕਿਉਪੇਸ਼ਨ ਆਰਡਰਾਂ ਲਈ ਵੱਖਰੇ ਫ਼ਾਰਮ ਹੋਣਗੇ।

ਇਹਨੂੰ ਜੁਰਮ ਬਾਰੇ ਨੋਟਿਸ (ਪੀਨਲ ਨੋਟਿਸ) ਆਖਿਆ ਜਾਂਦਾ ਹੈ। ਜੇ ਜਵਾਬਦੇਹ ਵਿਅਕਤੀ ਆਰਡਰ ਜਾਂ ਵਚਨ ਦਾ ਪਾਲਣ ਨਾ ਕਰੇ, ਤਾਂ ਬਿਨੈਕਾਰ ਉਸੇ ਅਦਾਲਤ ਨੂੰ ਅਰਜ਼ੀ ਦੇ ਕੇ ਇਸ ਉਲੰਘਣ ਬਾਰੇ ਸੁਣਵਾਈ ਕਰਨ ਲਈ ਅਰਜ਼ੀ ਦੇ ਸਕਦਾ/ਸਕਦੀ ਹੈ।

ਇਸ ਸੁਣਵਾਈ ਵੇਲੇ ਜਵਾਬਦੇਹ ਵਿਅਕਤੀ ਨੂੰ "ਕਾਰਨ ਦੱਸਣਾ" ਪੈਂਦਾ ਹੈ, ਯਾਨੀ ਇਹ ਸਮਝਾਉਣਾ ਪੈਂਦਾ ਹੈ ਕਿ ਉਹਨੂੰ ਜੇਲ੍ਹ ਕਿਉਂ ਨਾ ਭੇਜਿਆ ਜਾਏ। ਜੇ ਉਹ ਜਾਇਜ਼ ਕਾਰਨ ਨਾ ਦੱਸ ਸਕੇ, ਤਾਂ ਜੱਜ ਉਹਨੂੰ ਅਦਾਲਤ ਦੀ ਤੌਹੀਨ ਕਰਨ ਦੇ ਬਦਲੇ ਸਜ਼ਾ ਦੇ ਸਕਦਾ ਹੈ। (ਇਹਦੇ ਬਾਰੇ ਹੋਰ ਜਾਣਕਾਰੀ ਕਿ 1 ਜੁਲਾਈ 2007 ਤੋਂ ਨੌਨ-ਮੋਲੇਸ਼ਟੇਸ਼ਨ ਆਰਡਰਾਂ ਦੇ ਉਲੰਘਣ ਬਾਰੇ ਕੀ ਕਾਰਵਾਈ ਕੀਤੀ ਜਾਏਗੀ, ਤੁਸੀਂ ਅੱਗੇ ਪੜ੍ਹੋ।

**ਜੇ ਆਰਡਰ ਦਾ ਪਾਲਣ ਨਾ ਕੀਤਾ ਜਾਏ, ਤਾਂ ਅਦਾਲਤ ਕੀ ਕਰਦੀ ਹੈ?**

ਜਦ ਜਵਾਬਦੇਹ ਧਿਰ ਨੂੰ, ਜਿਹਨੇ ਗਰਿਫ਼ਤਾਰੀ ਲੱਗੇ ਆਕਿਉਪੇਸ਼ਨ ਆਰਡਰ ਨੂੰ ਭੰਗ ਕੀਤਾ ਹੋਵੇ, ਗਰਿਫ਼ਤਾਰ ਕਰਕੇ ਅਦਾਲਤ ਸਾਹਮਣੇ ਪੇਸ਼ ਕੀਤਾ ਜਾਏ, ਤਾਂ ਅਦਾਲਤ ਇਹਨਾਂ ਵਿਚੋਂ ਕੋਈ ਕੰਮ ਕਰ ਸਕਦੀ ਹੈ:

- ਮੁਆਮਲੇ ਨੂੰ ਉਸੇ ਵੇਲੇ ਨਿਪਟਾਉਣਾ ਅਤੇ ਲੋੜੀਂਦਾ ਆਰਡਰ ਦੇਣਾ; ਜਾਂ
- ਕੇਸ ਨੂੰ ਮੁਲਤਵੀ ਕਰਨਾ (ਪਰ ਗਰਿਫ਼ਤਾਰੀ ਮਗਰੋਂ ਇਹ 14 ਦਿਨਾਂ ਦੇ ਅੰਦਰ ਅਦਾਲਤ ਵਿਚ ਵਾਪਸ ਲਿਆਉਣਾ ਪੈਂਦਾ ਹੈ, ਜੇ ਸਮਾਂ ਇਹ ਸਹਿਮਤੀ ਨਾਲ ਨਾ ਵਧਾਇਆ ਜਾਏ) ਅਤੇ ਜਵਾਬਦੇਹ ਵਿਅਕਤੀ ਨੂੰ ਛੱਡ ਦੇਣਾ; ਅਤੇ
- ਦੋਹਾਂ ਧਿਰਾਂ ਨੂੰ ਮੁਲਤਵੀ ਕੀਤੀ ਸੁਣਵਾਈ ਦੀ ਤਾਰੀਖ਼ ਬਾਰੇ ਘੱਟੋ ਘੱਟ 2 ਦਿਨਾਂ ਦਾ ਨੋਟਿਸ ਦੇਣਾ।

ਉਲੰਘਣ ਕਰਨ ਦੀ ਸੁਣਵਾਈ ਵੇਲੇ ਅਦਾਲਤ ਫ਼ੈਸਲਾ ਕਰਦੀ ਹੈ ਕਿ ਆਰਡਰ ਦਾ ਉਲੰਘਣ ਹੋਇਆ ਹੈ ਜਾਂ ਨਹੀਂ, ਅਤੇ ਜੇ ਅਦਾਲਤ ਸਮਝੇ ਕਿ ਅਜਿਹਾ ਹੋਇਆ ਹੈ, ਤਾਂ ਇਹ ਫ਼ੈਸਲਾ ਕਰਦੀ ਹੈ ਕਿ ਸਜ਼ਾ ਕੀ ਹੋਣੀ ਚਾਹੀਦੀ ਹੈ। ਇਸ ਵੇਲੇ ਐਫ਼ ਪੀ ਸੀ ਦੋ ਮਹੀਨਿਆਂ ਤਕ ਦੀ ਅਤੇ ਕਾਊਂਟੀ ਕੋਰਟਾਂ ਦੋ ਸਾਲ ਤਕ ਕੈਦ ਦੀ ਸਜ਼ਾ ਦੇ ਸਕਦੀਆਂ ਹਨ। ਜ਼ਿਆਦਾਤਰ ਸਜ਼ਾਵਾਂ ਕੁਝ ਹਫ਼ਤਿਆਂ ਜਾਂ ਮਹੀਨਿਆਂ ਦੀਆਂ ਹੁੰਦੀਆਂ ਹਨ, ਸਾਲਾਂ ਦੀਆਂ ਨਹੀਂ। ਜ਼ਿਆਦਾ ਕੇਸਾਂ ਵਿਚ ਅਦਾਲਤਾਂ ਲਮਕਵੀਂ ਕੈਦ ਦਾ ਆਰਡਰ ਦਿੰਦੀਆਂ ਹਨ, ਜਿਹਦਾ ਮਤਲਬ ਹੁੰਦਾ ਹੈ ਕਿ ਜੇ ਜਵਾਬਦੇਹ ਵਿਅਕਤੀ ਆਰਡਰ ਦੀਆਂ ਸ਼ਰਤਾਂ ਦਾ ਪਾਲਣ ਕਰਦਾ ਰਹੇ ਤਾਂ ਉਹਨੂੰ ਜੇਲ੍ਹ ਨਹੀਂ ਭੇਜਿਆ ਜਾਏਗਾ।

**ਰਿਮਾਂਡ ਕਿਹੜੀਆਂ ਕਿਸਮਾਂ ਦੀ ਹੁੰਦੀ ਹੈ?**

- ਹਿਰਾਸਤ ਵਿਚ ਰਿਮਾਂਡ: ਜਵਾਬਦੇਹ ਵਿਅਕਤੀ ਨੂੰ ਸੁਣਵਾਈ ਲਈ ਅਦਾਲਤ ਵਿਚ ਲਿਆਉਣ ਤਕ ਹਿਰਾਸਤ ਵਿਚ ਰੱਖਿਆ ਜਾਂਦਾ ਹੈ (ਆਮ ਤੌਰ 'ਤੇ ਅਜਿਹਾ ਕਰਨ ਦੇ ਫ਼ੈਸਲੇ ਮਗਰੋਂ 8 ਸਪਸ਼ਟ ਦਿਨਾਂ ਤੋਂ ਵੱਧ ਸਮਾਂ ਨਹੀਂ)। ਜੇ ਹਿਰਾਸਤ ਦਾ ਸਮਾਂ 3 ਸਪਸ਼ਟ ਦਿਨਾਂ ਤੋਂ ਵੱਧ ਨਾ ਹੋਵੇ, ਤਾਂ ਜਵਾਬਦੇਹ ਵਿਅਕਤੀ ਨੂੰ ਪੁਲਿਸ ਸਟੇਸ਼ਨ ਵਿਚ ਰੱਖਿਆ ਜਾ ਸਕਦਾ ਹੈ।

- ਹਿਰਾਸਤ ਵਿਚ ਰਿਮਾਂਡ: ਉੱਪਰ ਦੱਸੇ ਵਰਗਾ ਹੀ ਪਰ ਜਵਾਬਦੇਹ ਧਿਰ ਨੂੰ ਮੁਜਰਿਮ (ਡਿਫ਼ੈਂਡੈਂਟ) ਆਖਿਆ ਜਾਂਦਾ ਹੈ।

- ਜ਼ਮਾਨਤ 'ਤੇ ਰਿਮਾਂਡ: ਜਵਾਬਦੇਹ ਵਿਅਕਤੀ ਨੂੰ ਜ਼ਮਾਨਤ ਦਿੱਤੀ ਜਾ ਸਕਦੀ ਹੈ, ਜਿਹਦਾ ਮਤਲਬ ਹੁੰਦਾ ਹੈ ਕਿ ਉਹ ਹਿਰਾਸਤ ਵਿਚ ਨਹੀਂ ਰਹਿੰਦਾ/ਰਹਿੰਦੀ ਪਰ ਉਹਨੂੰ ਅਦਾਲਤ ਵਲੋਂ ਮਿੱਥੀਆਂ ਸ਼ਰਤਾਂ ਦਾ ਪਾਲਣ ਕਰਨਾ ਪੈਂਦਾ ਹੈ। ਇਹਨਾਂ ਸ਼ਰਤਾਂ ਵਿਚ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾਉਣਾ ਵੀ ਸ਼ਾਮਿਲ ਹੋ ਸਕਦਾ ਹੈ ਤਾਕਿ ਜਵਾਬਦੇਹ ਵਿਅਕਤੀ ਅਦਾਲਤ ਜ਼ਰੂਰ ਆਏ; ਜਾਂ ਕੋਈ ਹੋਰ ਵਿਅਕਤੀ ਉਹਦੇ ਵਲੋਂ ਇਹਨਾਂ ਪੈਸਿਆਂ ਦੀ ਜ਼ਮਾਨਤ ਦੇ ਸਕਦਾ ਹੈ। ਰਿਮਾਂਡ ਦਾ ਇਹ ਸਮਾਂ 8 ਸਪਸ਼ਟ ਦਿਨਾਂ ਤੋਂ ਵੱਧ ਨਹੀਂ ਹੋ ਸਕਦਾ, ਜੇ ਦੋਹਾਂ ਧਿਰਾਂ ਨੇ ਇਹਨੂੰ ਨਹੀਂ ਵਧਾਇਆ। ਪਰ ਮੁਲਤਵੀ ਕੀਤੀ ਸੁਣਵਾਈ ਜਵਾਬਦੇਹ ਵਿਅਕਤੀ ਦੀ ਗਰਿਫ਼ਤਾਰੀ ਮਗਰੋਂ 14 ਦਿਨਾਂ ਤਕ ਜ਼ਰੂਰ ਹੋ ਜਾਣੀ ਚਾਹੀਦੀ ਹੈ।

- ਜ਼ਮਾਨਤ 'ਤੇ ਰਿਮਾਂਡ: ਮੁਲਜ਼ਿਮ ਨੂੰ ਕਿਸੇ ਸ਼ਰਤੀ ਜ਼ਮਾਨਤ ਜਾਂ ਬਿਨਾਂ ਸ਼ਰਤ ਜ਼ਮਾਨਤ 'ਤੇ ਛੱਡਿਆ ਜਾ ਸਕਦਾ ਹੈ। ਜੇ ਮੁਲਜ਼ਿਮ ਜ਼ਮਾਨਤ ਅਨੁਸਾਰ ਸਹੀ ਥਾਂ 'ਤੇ ਸਹੀ ਸਮੇਂ ਪੇਸ਼ ਨਾ ਹੋਵੇ, ਜਾਂ ਜ਼ਮਾਨਤ ਦੀਆਂ ਸ਼ਰਤਾਂ ਤੋੜੇ, ਤਾਂ ਉਹਨੂੰ ਗਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਫਿਰ ਇਸ ਉਲੰਘਣ ਨੂੰ ਧਿਆਨ ਵਿਚ ਰੱਖ ਕੇ ਉਹਦੀ ਜ਼ਮਾਨਤ ਬਾਰੇ ਦੁਬਾਰਾ ਵਿਚਾਰ ਕੀਤਾ ਜਾਏਗਾ।

- **ਹੋਰ ਰਿਮਾਂਡ:** ਜੇ ਜਵਾਬਦੇਹ ਵਿਅਕਤੀ ਬੀਮਾਰੀ ਜਾਂ ਕਿਸੇ ਹੋਰ ਮੁਸ਼ਕਿਲ ਕਾਰਨ ਅਦਾਲਤ ਵਿਚ ਪੇਸ਼ ਨਾ ਹੋ ਸਕੇ, ਤਾਂ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਰਿਮਾਂਡ ਦਾ ਸਮਾਂ ਵਧਾਇਆ ਜਾ ਸਕਦਾ ਹੈ।

- ਉੱਪਰ ਦੱਸੇ ਵਰਗ ਹੀ, ਪਰ ਜਵਾਬਦੇਹ ਧਿਰ ਨੂੰ ਮੁਜਰਿਮ ਆਖਿਆ ਜਾਂਦਾ ਹੈ।

ਡੀ ਵੀ ਐਕਟ 2004 ਦੇ ਸੈਕਸ਼ਨ 1 ਦੇ ਅਨੁਸਾਰ, ਨੌਨ ਮੋਲੈਸਟੇਸ਼ਨ ਆਰਡਰ ਦਾ ਉਲੰਘਣ ਉਸ ਹਾਲਤ ਵਿਚ ਜੁਰਮ ਬਣ ਜਾਏਗਾ, ਜਦ ਕਿਸੇ ਵਿਅਕਤੀ ਨੂੰ ਇਸ ਆਰਡਰ ਦੇ ਹੋਣ ਬਾਰੇ ਪਤਾ ਹੋਵੇ ਅਤੇ ਉਹ ਕਿਸੇ ਜਾਇਜ਼ ਕਾਰਣ ਬਿਨਾਂ ਇਹਦਾ ਉਲੰਘਣ ਕਰੇ, ਤਾਂ ਉਹਨੂੰ ਗਰਿਫ਼ਤਾਰ ਕੀਤਾ ਜਾ ਸਕਦਾ ਹੈ।

ਸੈਕਸ਼ਨ 1 ਦੇ ਅਨੁਸਾਰ ਕਿਸੇ ਅਜਿਹੇ ਕੰਮ ਦੇ ਕਾਰਣ ਕਿਸੇ ਵਿਅਕਤੀ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ ਜਿਸ ਕੰਮ ਦੀ ਸਜ਼ਾ ਉਹਨੂੰ ਅਦਾਲਤ ਦੀ ਤੌਹੀਨ ਕਰਨ ਕਰਕੇ ਪਹਿਲਾਂ ਹੀ ਮਿਲ ਚੁੱਕੀ ਹੈ। ਜੇ ਕਿਸੇ ਵਿਅਕਤੀ ਨੂੰ ਸੈਕਸ਼ਨ 1 ਦੇ ਤਹਿਤ ਸਜ਼ਾ ਮਿਲ ਜਾਏ ਤਾਂ ਫਿਰ ਉਹਨੂੰ ਅਦਾਲਤ ਦੀ ਤੌਹੀਨ ਕਰਨ ਦੇ ਦੋਸ਼ ਵਿਚ ਸਜ਼ਾ ਨਹੀਂ ਮਿਲ ਸਕਦੀ।

ਜੇ ਨੌਨ-ਮੋਲੈਸਟੇਸ਼ਨ ਆਰਡਰ ਦੇ ਉਲੰਘਣ ਕਾਰਣ ਪੁਲਿਸ ਨੂੰ ਬੁਲਾਇਆ ਜਾਏ, ਅਤੇ ਉਹ ਮੁਦਾਲੇ/ਦੋਸ਼ੀ ਨੂੰ ਗਰਿਫ਼ਤਾਰ ਕਰ ਲੈਣ, ਅਤੇ ਜੇ (ਅਰਜ਼ੀ ਦੇਣ ਵਾਲੇ/ਵਾਲੀ ਜੁਰਮ ਦਾ ਨਿਸ਼ਾਨਾ ਬਣਨ ਵਾਲਾ/ਵਾਲੀ ਅਤੇ ਸੀ ਪੀ ਐੱਸ ਦੀ ਸਲਾਹ ਨਾਲ) ਉਹਦੇ 'ਤੇ ਮੁਕੱਦਮਾ ਨਾ ਚਲਾਉਣ ਦਾ ਫ਼ੈਸਲਾ ਕੀਤਾ ਜਾਏ, ਤਦ ਵੀ ਅਰਜ਼ੀ ਦੇਣ ਵਾਲੇ/ਵਾਲੀ ਜੁਰਮ ਦਾ ਨਿਸ਼ਾਨਾ ਬਣਨ ਵਾਲੇ/ਵਾਲੀ ਸਿਵਿਲ ਕੋਰਟ ਨੂੰ ਅਰਜ਼ੀ ਦੇ ਕੇ ਆਖ ਸਕਦਾ/ਸਕਦੀ ਹੈ ਕਿ ਇਸ ਉਲੰਘਣ ਨੂੰ ਅਦਾਲਤ ਦੀ ਤੌਹੀਨ ਮੰਨਿਆ ਜਾਏ।

ਅਰਜ਼ੀ ਦੇਣ ਵਾਲੇ/ਵਾਲੀ ਜੁਰਮ ਦਾ ਨਿਸ਼ਾਨਾ ਬਣਨ ਵਾਲਾ/ਵਾਲੀ ਪੁਲਿਸ ਨੂੰ ਬਿਲਕੁਲ ਸ਼ਾਮਿਲ ਨਾ ਕਰਨ ਦਾ ਫ਼ੈਸਲਾ ਵੀ ਕਰ ਸਕਦਾ/ਸਕਦੀ ਹੈ, ਅਤੇ ਵੱਖਰੇ ਤੌਰ 'ਤੇ ਗਰਿਫ਼ਤਾਰੀ ਦੇ ਵਾਰੰਟ ਲਈ ਜਾਂ ਜਵਾਬਦੇਹ ਧਿਰ ਨੂੰ ਇਹ ਨੋਟਿਸ ਦੁਆਉਣ ਲਈ ਅਰਜ਼ੀ ਦੇ ਸਕਦਾ/ਸਕਦੀ ਹੈ ਕਿ ਦੋਸ਼ੀ ਨੂੰ ਜੇਲ੍ਹ ਕਿਉਂ ਨਾ ਭੇਜਿਆ ਜਾਏ ਅਤੇ ਉੱਪਰ ਦੱਸੇ ਢੰਗ ਨਾਲ ਇਸ ਮੁਆਮਲੇ ਨੂੰ ਅਦਾਲਤ ਦੀ ਤੌਹੀਨ ਦੇ ਤੌਰ 'ਤੇ ਸਿਵਿਲ ਕੋਰਟ ਵਿਚ ਪੇਸ਼ ਕਿਉਂ ਨਾ ਕੀਤਾ ਜਾਏ।

ਜੇ ਦੋਸ਼ੀ ਨੂੰ ਗਰਿਫ਼ਤਾਰ ਕਰਕੇ ਉਹਦੇ 'ਤੇ ਜੁਰਮ ਕਰਨ ਦਾ ਇਲਜ਼ਾਮ ਲਾਇਆ ਜਾਏ, ਤਦ ਇਹ ਕਾਰਵਾਈ ਆਕਿਉਪੇਸ਼ਨ ਆਰਡਰ ਦੀ ਕਾਰਵਾਈ ਵਰਗੀ ਹੈ, ਫ਼ਰਕ ਸਿਰਫ਼ ਇੰਨਾ ਹੈ ਕਿ ਕਥਿਤ ਦੋਸ਼ੀ ਨੂੰ ਸਭ ਤੋਂ ਪਹਿਲਾਂ ਮੈਜਿਸਟ੍ਰੇਟਸ ਕੋਰਟ ਵਿਚ ਪੇਸ਼ ਕੀਤਾ ਜਾਏਗਾ। ਜਿਸ ਅਰਜ਼ੀ ਦੇਣ ਵਾਲੇ/ਵਾਲੀ ਜੁਰਮ ਦਾ ਨਿਸ਼ਾਨਾ ਬਣਨ ਵਾਲੇ/ਵਾਲੀ ਨੇ ਸਿਵਿਲ ਕਾਰਵਾਈ ਸ਼ੁਰੂ ਕੀਤੀ ਹੈ, ਉਹ ਫਿਰ ਕ੍ਰਾਊਨ ਪ੍ਰੋਸੀਕਿਊਸ਼ਨ ਦਾ/ਦੀ ਖ਼ਾਸ ਗਵਾਹ ਬਣ ਜਾਂਦਾ/ਜਾਂਦੀ ਹੈ, ਅਤੇ ਦੋਸ਼ੀ 'ਤੇ ਮੁਕੱਦਮਾ ਚਲਾਇਆ ਜਾਏਗਾ ਬਸ਼ਰਤਿ ਉਹਦੇ ਖ਼ਿਲਾਫ਼ ਕਾਫ਼ੀ ਸਬੂਤ ਹੋਣ ਅਤੇ ਅਜਿਹਾ ਕਰਨਾ ਲੋਕ ਹਿਤ ਵਿਚ ਹੋਵੇ।

## ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ 1997 (ਸਿਵਿਲ)

ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ 1997 (ਪੀ ਐਚ ਏ 1997) ਵਿਚ ਘਰੇਲੂ ਹਿੰਸਾ ਤੋਂ ਬਚਾਓ ਦੇ ਕ੍ਰਿਮੀਨਲ (ਫ਼ੌਜਦਾਰੀ) ਅਤੇ ਸਿਵਿਲ (ਦੀਵਾਨੀ) ਢੰਗ ਰੱਖੇ ਗਏ ਹਨ। ਇਸ ਗਾਈਡ ਦੇ ਤੀਸਰੇ ਹਿੱਸੇ ਵਿਚ ਅਸੀਂ ਕ੍ਰਿਮੀਨਲ ਰੋਕਾਂ ਬਾਰੇ ਦੱਸਾਂਗੇ।

ਇਸ ਕਾਨੂੰਨ ਤੋਂ ਮਿਲਣ ਵਾਲੇ ਲਾਭ ਫ਼ੈਮਿਲੀ ਲਾਅ ਐਕਟ 1996 ਵਰਗੇ ਹਨ। ਪੀ ਐਚ ਏ 1997 ਸਭ ਤੋਂ ਪਹਿਲਾਂ "ਪਿੱਛਾ ਕਰਨ" ਨੂੰ ਰੋਕਣ ਲਈ ਬਣਾਇਆ ਗਿਆ ਸੀ, ਪਰ ਇਹਦੀ ਵਰਤੋਂ ਉਹ ਲੋਕ ਵੀ ਕਰਦੇ ਰਹੇ ਹਨ ਜੋ ਐਫ਼ ਐਲ

ਏ 1996 ਦੇ ਤਹਿਤ ਅਰਜ਼ੀ ਨਹੀਂ ਦੇ ਸਕਦੇ ਕਿਉਂਕਿ ਪਰਿਵਾਰਕ ਸੰਬੰਧਾਂ ਰਾਹੀਂ ਅਤੇ/ਜਾਂ ਵਿਆਹਿਆਂ ਵਾਂਗ ਇਕੱਠੇ ਰਹਿਣ ਕਰਕੇ "ਸੰਬੰਧਤ" ਹੋਣ ਦੀ ਸ਼ਰਤ ਪੂਰੀ ਨਹੀਂ ਕਰਦੇ। ਕੁਝ ਹਦ ਤਕ, ਡੀ ਵੀ ਐਕਟ 2004 ਦੇ ਸੈਕਸ਼ਨ 3 ਰਾਹੀਂ ਇਸ ਹਾਲਤ ਵਿਚ ਸੁਧਾਰ ਕੀਤਾ ਜਏਗਾ - ਸਹਿਕਾਮੀ ਸਮਲਿੰਗੀ ਸਾਥੀਆਂ ਨੂੰ ਵੀ ਪਾਰਟ IV ਆਰਡਰਾਂ ਤਕ ਉਹੀ ਪਹੁੰਚ ਮਿਲ ਜਾਏਗੀ ਜੋ ਵਿਪਰੀਤ-ਲਿੰਗੀ ਸਾਥੀਆਂ ਨੂੰ ਹੈ (ਦਸੰਬਰ 2005 ਵਿਚ ਲਾਗੂ ਹੋਈ), ਅਤੇ ਸੈਕਸ਼ਨ 4 - ਜਿਹਦੇ ਰਾਹੀਂ ਕਦੇ ਵੀ ਇਕੱਠੇ ਨਾ ਰਹੇ ਅਤੇ ਅਣਵਿਆਹੇ ਜੋੜਿਆਂ ਦੀ ਵੀ ਪਾਰਟ IV ਆਰਡਰਾਂ ਤਕ ਪਹੁੰਚ ਹੋ ਸਕੇਗੀ (1 ਜੁਲਾਈ 2007 ਤੋਂ ਲਾਗੂ)।

ਪੀ ਐਚ ਏ 1997 ਵਿਚ ਜਵਾਬਦੇਹ ਧਿਰ 'ਤੇ ਰੋਕਾਂ ਲਾਉਣ - ਵਤੀਰੇ 'ਤੇ ਕਾਬੂ ਰੱਖਣ ਜਾਂ ਉਹਨੂੰ ਬਿਨੈਕਾਰ ਦੇ ਘਰ ਜਾਂ ਕੰਮ ਦੀ ਥਾਂ ਤੋਂ ਦੂਰ ਰੱਖਣ - ਅਤੇ ਪਰੇਸ਼ਾਨ ਕਰਨ ਦੇ ਜੁਰਮ ਦੇ ਬਦਲੇ ਮੁਆਵਜ਼ਾ ਲੈਣ ਦਾ ਪ੍ਰਬੰਧ ਹੈ। ਇਸ ਵਿਚ ਰੋਕਾਂ ਅਤੇ ਮੁਆਵਜ਼ੇ ਦੇ ਕਲੇਮ ਸ਼ਾਮਿਲ ਹੋ ਸਕਦੇ ਹਨ। ਹੁਣੇ ਜਿਹੇ ਵਾਪਰੀ ਇਕ ਘਟਨਾ ਤੋਂ ਇਸ ਕਾਨੂੰਨ ਦੇ ਸੰਭਵ ਖੇਤਰ ਬਾਰੇ ਪਤਾ ਲਗਦਾ ਹੈ। ਇਕ ਕੇਸ ਵਿਚ ਇਕ ਸੱਸ ਦੇ ਖ਼ਿਲਾਫ਼ ਦਿੱਤੀ ਅਰਜ਼ੀ ਕਾਮਯਾਬ ਹੋ ਗਈ ਅਤੇ £35,000 ਦਾ ਮੁਆਵਜ਼ਾ ਦਿੱਤਾ ਗਿਆ, ਕਿਉਂਕਿ ਇਕ ਨੌਜਵਾਨ ਔਰਤ ਨੂੰ ਉਹਦੀ ਸੱਸ ਜਾਣ ਬੁੱਝ ਕੇ ਪਰੇਸ਼ਾਨ ਕਰ ਰਹੀ ਸੀ ਅਤੇ ਉਹਦੇ ਨਾਲ ਅਣਗਹਿਲੀ ਵਾਲੀ ਬਦਸਲੂਕੀ ਕਰ ਰਹੀ ਸੀ।[11]

**ਅਰਜ਼ੀ ਕੌਣ ਦੇ ਸਕਦਾ/ ਸਕਦੀ ਹੈ?**

ਇਸ ਐਕਟ ਦੇ ਅਨੁਸਾਰ ਕੋਈ ਵੀ ਰੋਕਾਂ ਲਗਵਾਉਣ ਜਾਂ ਮੁਆਵਜ਼ਾ ਲੈਣ ਲਈ ਅਰਜ਼ੀ ਦੇ ਸਕਦਾ/ਸਕਦੀ ਹੈ।

ਇਸ ਐਕਟ ਦੇ ਸੈਕਸ਼ਨ 3 ਦੇ ਤਹਿਤ, ਕਾਰਵਾਈ "ਸੈਕਸ਼ਨ 1 ਤੋੜਨ ਦੀ ਅਸਲ ਘਟਨਾ ਜਾਂ ਘਟਨਾ ਵਾਪਰਨ ਦੇ ਖ਼ਤਰੇ ਕਾਰਨ" ਕੀਤੀ ਜਾ ਸਕਦੀ ਹੈ। ਪਰ ਇਸ ਐਕਟ ਦੇ ਤਹਿਤ ਕੀਤੀ ਜਾਣ ਵਾਲੀ "ਕ੍ਰਿਮੀਨਲ ਕਾਰਵਾਈ" ਇਹਤੋਂ ਵੱਖਰੀ ਕਿਸਮ ਦੀ ਹੁੰਦੀ ਹੈ, ਜਿਹਦੇ ਲਈ "ਵਤੀਰਾ ਕਰਨ" ਦਾ ਸਬੂਤ ਚਾਹੀਦਾ ਹੈ, ਯਾਨੀ ਕਿ ਜਵਾਬਦੇਹ ਧਿਰ ਨੇ ਘੱਟੋ ਘੱਟ ਦੋ ਮੌਕਿਆਂ 'ਤੇ ਦਾਅਵਾ ਕਰਨ ਵਾਲੇ/ਵਾਲੀ ਨੂੰ ਪਰੇਸ਼ਾਨ ਕੀਤਾ ਹੋਵੇ।

**ਕਿਹਨਾਂ ਅਦਾਲਤਾਂ ਵਿਚ ਕੇਸ ਕੀਤਾ ਜਾ ਸਕਦਾ ਹੈ?**

ਇਸ ਐਕਟ ਦੇ ਸੈਕਸ਼ਨ 3 ਦੇ ਤਹਿਤ ਅਰਜ਼ੀ ਹਾਈ ਕੋਰਟ ਜਾਂ ਕਾਊਂਟੀ ਕੋਰਟ ਵਿਚ ਦਿੱਤੀ ਜਾ ਸਕਦੀ ਹੈ। ਐਫ਼ ਪੀ ਸੀ ਇਸ ਐਕਟ ਵਾਲੇ ਕੇਸਾਂ ਨੂੰ ਨਹੀਂ ਸੁਣ ਸਕਦੇ।

**ਬਿਨੈਕਾਰ ਕਿਸ ਢੰਗ ਨਾਲ ਅਰਜ਼ੀ ਦਿੰਦੇ ਹਨ?**

ਜੇ ਪੁਲਿਸ ਇਸ ਐਕਟ ਦੇ ਸੈਕਸ਼ਨ 2 ਜਾਂ 4 ਦੇ ਤਹਿਤ ਕਾਰਵਾਈ ਕਰਨ ਦਾ ਫ਼ੈਸਲਾ ਕਰੇ, ਤਾਂ ਸਿਵਿਲ ਕਾਰਵਾਈ ਕਰਨ ਦੀ ਲੋੜ ਬਿਲਕੁਲ ਨਹੀਂ ਹੋਏਗੀ। ਜੇ ਬਿਨੈਕਾਰ ਸੈਕਸ਼ਨ 3 ਦੇ ਤਹਿਤ ਸਿਵਿਲ ਕਾਰਵਾਈ ਕਰਨ ਦਾ ਫ਼ੈਸਲਾ ਕਰੇ, ਤਾਂ ਉਹ ਖ਼ੁਦ ਵੀ ਇਹ ਕੰਮ ਕਰ ਸਕਦਾ/ਸਕਦੀ ਹੈ ਜਾਂ ਸੋਲਿਸਟਰ ਰੱਖ ਸਕਦਾ/ਸਕਦੀ ਹੈ। ਜੇ ਬਿਨੈਕਾਰ ਨੂੰ ਪਬਲਿਕ ਪੈਸਿਆਂ ਵਿਚੋਂ ਮਦਦ ਨਾ ਮਿਲੇ (ਦੇਖੋ ਸਫ਼ਾ 34-35),ਤਾਂ ਸੋਲਿਸਟਰ ਨੂੰ ਸ਼ਾਮਿਲ ਕਰਨਾ ਵੱਧ ਮਹਿੰਗਾ ਪੈਂਦਾ ਹੈ। ਖ਼ੁਦ ਆਪਣਾ ਕੰਮ ਕਰਨ ਵਾਲੇ/ਵਾਲੀ ਬਿਨੈਕਾਰ ਨੂੰ ਸਾਰੇ ਸੰਬੰਧਤ ਫ਼ਾਰਮ ਭਰਨ ਲਈ ਅਤੇ ਜੇ ਕੇਸ ਦਾ ਮੁਕੱਦਮਾ ਚੱਲੇ ਤਾਂ ਅਦਾਲਤ ਸਾਹਮਣੇ ਇਹਦੀ ਪੈਰਵੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਹਦੇ ਲਈ ਕਥਿਤ ਦੋਸ਼ੀ ਨੂੰ ਸਵਾਲ ਪੁੱਛਣ ਅਤੇ ਉਹਦੇ ਸਵਾਲਾਂ ਦੇ ਜਵਾਬ ਦੇਣਾ ਵੀ ਸ਼ਾਮਿਲ ਹੈ।

ਰੋਕਾਂ ਲਗਵਾਉਣ ਜਾਂ ਮੁਆਵਜ਼ਾ ਮੰਗਣ ਦੇ ਕੰਮ ਲਈ, ਬਿਨੈਕਾਰ ਦੇ ਸਾਹਮਣੇ ਚੁਣਨ ਲਈ ਕਈ ਰਾਹ ਹਨ, ਜਿਵੇਂ ਕਿ:

1. ਕਿਸੇ ਖ਼ਾਸ ਰਕਮ ਦਾ ਕਲੇਮ (ਦਾਅਵਾ) ਕਰਨਾ (ਖ਼ਾਸ ਰਕਮ ਦਾ ਮੁਆਵਜ਼ਾ ਮੰਗਣਾ); ਜਾਂ
2. ਬਿਨਾਂ ਦੱਸੀ ਰਕਮ ਦਾ ਕਲੇਮ ਕਰਨਾ (ਬਿਨਾਂ ਦੱਸੀ ਰਕਮ ਮੁਆਵਜ਼ੇ ਦੇ ਤੌਰ 'ਤੇ ਮੰਗਣਾ); ਅਤੇ/ਜਾਂ

[11] Singh -v- Bhakar (4NG17900) Nottingham County Court 24 July 2006

3. ਮੁਆਵਜ਼ੇ ਦੇ ਦਾਅਵੇ ਸਮੇਤ ਜਾਂ ਇਹਤੋਂ ਬਿਨਾਂ ਰੋਕ ਲਗਵਾਉਣ ਲਈ ਅਰਜ਼ੀ ਦੇਣਾ।

ਬਿਨੈਕਾਰ ਕੁਝ ਵੀ ਚੁਣੇ, ਉਹਨੂੰ ਫ਼ਾਰਮ N1 ਭਰਨਾ ਪਏਗਾ (ਜੋ ਅਦਾਲਤ ਤੋਂ ਲਿਆ ਜਾ ਸਕਦਾ ਹੈ)। ਦਿੱਤੀ ਜਾਣ ਵਾਲੀ ਫ਼ੀਸ ਮੰਗੇ ਜਾਣ ਵਾਲੇ ਨਿਆਂ 'ਤੇ ਅਤੇ ਅਦਾਲਤ ਦੀ ਕਾਰਵਾਈ 'ਤੇ ਨਿਰਭਰ ਹੋਏਗੀ। ਪਰ ਜੇ ਬਿਨੈਕਾਰ ਉੱਪਰ ਦੱਸਿਆ ਚੋਣ 3 ਵਾਲਾ ਕੰਮ ਕਰਨਾ ਚਾਹੇ, ਤਾਂ ਸੁਣਵਾਈ ਡਿਸਟ੍ਰਿਕਟ ਜਾਂ ਸਰਕਟ ਜੱਜ ਦੇ ਸਾਹਵੇਂ ਰੱਖੀ ਜਾਏਗੀ।

ਜਿਹੜਾ/ਜਿਹੜੀ ਦਾਅਵੇਦਾਰ ਉੱਪਰ ਦੱਸੇ ਕੰਮਾਂ ਵਿਚੋਂ ਪਹਿਲਾ ਕੰਮ ਕਰਨਾ ਚਾਹੇ, ਹੋ ਸਕਦਾ ਹੈ ਉਹਨੂੰ ਜੱਜ ਸਾਹਵੇਂ ਪੇਸ਼ ਨਾ ਹੋਣਾ ਪਏ। ਜੇ ਜਵਾਬਦੇਹ ਧਿਰ ਕਲੇਮ ਦਾ ਜਵਾਬ ਨਾ ਦੇਵੇ, ਜਾਂ ਬਚਾਓ ਵਿਚ ਜਵਾਬ ਨਾ ਭੇਜੇ, ਤਾਂ ਦਾਅਵੇਦਾਰ ਅਦਾਲਤ ਨੂੰ ਆਖ ਸਕਦਾ/ਸਕਦੀ ਹੈ ਕਿ ਜਵਾਬਦੇਹ ਧਿਰ ਦੀ ਗ਼ੈਰ-ਹਾਜ਼ਰੀ ਵਿਚ ਫ਼ੈਸਲਾ ਸੁਣਾ ਦਿੱਤਾ ਜਾਏ। ਇਹਨਾਂ ਕੇਸਾਂ ਵਿਚ ਅਦਾਲਤ ਵਿਚ ਜਾਣਾ ਜ਼ਰੂਰੀ ਨਹੀਂ ਹੁੰਦਾ। ਹੰਗਾਮੀ ਹਾਲਤ ਵਿਚ, ਦਾਅਵੇਦਾਰ ਪੂਰੀ ਕਾਰਵਾਈ ਦੀ ਅਰਜ਼ੀ ਤੋਂ ਪਹਿਲਾਂ ਅਦਾਲਤ ਨੂੰ ਵਿਚਲੇ ਸਮੇਂ ਦੀ, ਜਾਂ ਆਰਜ਼ੀ, ਰੋਕ ਲਾਉਣ ਲਈ ਅਰਜ਼ੀ ਦੇ ਸਕਦਾ/ਸਕਦੀ ਹੈ (ਫ਼ਾਰਮ N244 ਭਰ ਕੇ)।

**ਪੀ ਐਚ ਏ 1997 ਦੇ ਤਹਿਤ ਕਿਹੜੇ ਹੁਕਮ ਜਾਰੀ ਕੀਤੇ ਜਾ ਸਕਦੇ ਹਨ?**

ਇਸ ਐਕਟ ਦੇ ਤਹਿਤ ਜਾਰੀ ਕੀਤੇ ਗਏ ਆਰਡਰ ਦਾ ਉਲੰਘਣ ਕਰਨਾ ਜੁਰਮ ਹੈ। ਇਸ ਕਾਨੂੰਨ ਦੇ ਤਹਿਤ ਗਰਿਫ਼ਤਾਰ ਕਰਨ ਦੀ ਸ਼ਕਤੀ ਨਹੀਂ ਦਿੱਤੀ ਜਾ ਸਕਦੀ, ਜਿਵੇਂ ਐਫ਼ ਐਲ ਏ 1996 ਵਿਚ ਹੈ। ਪਰ ਜਦ ਅਦਾਲਤ ਜਵਾਬਦੇਹ ਵਿਅਕਤੀ ਦੇ ਕੰਮਾਂ 'ਤੇ ਰੋਕ ਜਾਂ ਮਨਾਹੀ ਲਾਉਣ ਦਾ ਹੁਕਮ ਦਿੰਦੀ ਹੈ, ਅਤੇ ਦਾਅਵੇਦਾਰ ਕਹੇ ਕਿ ਬਚਾਓ ਪੱਖ ਨੇ ਇਹ ਆਰਡਰ ਤੋੜਿਆ ਹੈ, ਤਾਂ ਉਹ ਗਰਿਫ਼ਤਾਰੀ ਦੇ ਵਾਰੰਟ ਲਈ ਅਰਜ਼ੀ ਦੇ ਸਕਦਾ/ਸਕਦੀ ਹੈ (ਜਿਸ ਅਦਾਲਤ ਨੇ ਆਰਡਰ ਜਾਰੀ ਕੀਤਾ ਸੀ, ਉਹਦੇ ਰਾਹੀਂ)। ਵਾਰੰਟ ਤਦ ਹੀ ਜਾਰੀ ਕੀਤਾ ਜਾ ਸਕਦਾ ਹੈ ਜੇ ਦਾਅਵੇਦਾਰ ਇਹਦੇ ਲਈ ਹਲਫ਼ੀਆ ਬਿਆਨ ਦੇਵੇ, ਅਤੇ ਜੱਜ ਨੂੰ ਜਾਇਜ਼ ਯਕੀਨ ਆ ਜਾਏ ਕਿ ਜਵਾਬਦੇਹ ਵਿਅਕਤੀ ਨੇ ਆਰਡਰ ਦਾ ਜਾਂ ਇਹਦੇ ਕਿਸੇ ਹਿੱਸੇ ਦਾ ਪਾਲਣ ਨਹੀਂ ਕੀਤਾ। ਫਿਰ ਅਦਾਲਤ ਬਿਨੈਕਾਰ ਦੇ ਇਲਾਕੇ ਦੇ ਲੋਕਲ ਪੁਲਿਸ ਸਟੇਸ਼ਨ ਦੇ ਅਫ਼ਸਰ ਇਨ ਚਾਰਜ ਨੂੰ ਵਾਰੰਟ ਭੇਜੇਗੀ। ਪਰ, ਜੇ ਇਹ ਹੁਕਮ ਦਾ ਉਲੰਘਣ ਕਰਨਾ ਜੁਰਮ ਮੰਨਿਆ ਜਾਏ, ਤਦ ਪੁਲਿਸ ਜੁਰਮ ਕਾਰਣ ਗਰਿਫ਼ਤਾਰੀ ਕਰ ਸਕਦੀ ਹੈ।

ਜਾਂ ਫਿਰ ਦਾਅਵੇਦਾਰ '"ਕਮਿਟਲ ਅਰਜ਼ੀ" - ਮੁਲਜ਼ਿਮ ਨੂੰ ਗਰਿਫ਼ਤਾਰ ਕਰਵਾਉਣ ਜਾਂ ਜੇਲ੍ਹ ਭਿਜਵਾਉਣ ਲਈ ਅਰਜ਼ੀ - ਦੇ ਸਕਦਾ/ਸਕਦੀ ਹੈ। ਜੇ ਅਦਾਲਤ ਦਾ ਸਟਾਫ਼ ਇਹ ਅਰਜ਼ੀ ਜਾਰੀ ਕਰ ਦੇਵੇ, ਤਾਂ ਇਹ ਸੁਣਵਾਈ ਵਾਲੀ ਲਿਸਟ ਵਿਚ ਰੱਖ ਲਈ ਜਾਏਗੀ। ਜੇ ਉਲੰਘਣ ਸਾਬਤ ਹੋ ਜਾਏ, ਤਾਂ ਫਿਰ ਬਚਾਓ ਧਿਰ ਨੂੰ "ਕਾਰਨ ਦੱਸਣਾ" ਪਏਗਾ ਕਿ ਆਰਡਰ ਨਾ ਮੰਨਣ ਕਾਰਨ ਉਹਨੂੰ ਜੇਲ੍ਹ ਕਿਉਂ ਨਾ ਭੇਜਿਆ ਜਾਏ।

## ਸਿਵਿਲ ਪਾਰਟਨਰਸ਼ਿਪ ਐਕਟ 2004

5 ਦਸੰਬਰ 2005 ਨੂੰ ਲਾਗੂ ਹੋਏ ਇਸ ਕਾਨੂੰਨ ਰਾਹੀਂ ਇਕ ਨਵੀਂ ਕਿਸਮ ਦੇ ਕਾਨੂੰਨੀ ਰਿਸ਼ਤੇ ਨੂੰ ਮਾਨਤਾ ਦਿੱਤੀ ਗਈ ਹੈ, ਜੋ ਦੋ ਅਜਿਹੇ ਵਿਅਕਤੀਆਂ ਵਿਚਕਾਰ ਹੋ ਸਕਦਾ ਹੈ:

- ਜੋ ਇੱਕੋ ਲਿੰਗ ਦੇ ਹਨ;
- ਜੋ ਪਹਿਲਾਂ ਕਿਸੇ ਸਿਵਿਲ ਰਿਸ਼ਤੇ ਵਿਚ ਜਾਂ ਵਿਆਹੇ ਹੋਏ ਨਹੀਂ ਹਨ;
- ਜਿਹਨਾਂ ਵਿਚਕਾਰ ਮਨ੍ਹਾਂ ਕੀਤੇ ਹੋਏ ਸੰਬੰਧ ਨਹੀਂ ਹਨ;
- ਜਿਹਨਾਂ ਦੋਹਾਂ ਦੀ ਉਮਰ ਸੋਲਾਂ ਸਾਲ ਜਾਂ ਵੱਧ ਹੈ।

ਸਿਵਿਲ ਪਾਰਟਨਰਸ਼ਿਪ ਜਾਂ ਸਾਂਝੀਦਾਰੀ ਵਿਆਹ ਨਹੀਂ ਹੈ, ਸਗੋਂ ਇਹਦੇ ਵਰਗਾ ਸੰਬੰਧ ਹੈ ਅਤੇ ਵਿਆਹ ਜਿੰਨਾ ਹੀ ਗੰਭੀਰ ਅਤੇ ਜ਼ਿੰਮੇਦਾਰੀਆਂ ਵਾਲਾ ਹੈ, ਜੋ ਸਮਲਿੰਗੀ ਜੋੜਿਆਂ ਨੂੰ ਇਸ ਯੋਗ ਬਣਾਉਣ ਲਈ ਬਣਾਇਆ ਗਿਆ ਹੈ ਕਿ ਜੇ ਉਹ ਚਾਹੁਣ ਤਾਂ ਆਪਣੇ ਰਿਸ਼ਤੇ ਨੂੰ ਕਾਨੂੰਨੀ ਮਾਨਤਾ ਦੁਆ ਸਕਣ। ਇਹਦੇ ਨਾਲ ਉਸ ਜੋੜੇ ਨੂੰ ਇਕ ਦੂਸਰੇ ਦੇ ਸਿਵਿਲ

ਸਾਥੀ ਦੇ ਤੌਰ 'ਤੇ ਮਾਨਤਾ ਮਿਲਦੀ ਹੈ। ਰਜਿਸ਼ਟ੍ਰੇਸ਼ਨ ਕਰਵਾਉਣ ਨਾਲ ਇਸ ਰਿਸ਼ਤੇ ਨੂੰ ਸਿਵਿਲ ਵਿਆਹ ਵਰਗੀ ਮਾਨਤਾ ਮਿਲ ਜਾਂਦੀ ਹੈ। (ਇਹਦੇ ਰਾਹੀਂ ਵਿਦੇਸ਼ੀ ਕਾਨੂੰਨਾਂ ਅਨੁਸਾਰ ਬਣੇ ਰਿਸ਼ਤਿਆਂ ਨੂੰ ਵੀ ਮਾਨਤਾ ਮਿਲਦੀ ਹੈ ਜਿਹਨਾਂ ਵਿਚ ਉਹਨਾਂ ਦੇਸ਼ਾਂ ਵਿਚ ਬਣੀ ਉਹ ਸਿਵਿਲ ਪਾਰਟਨਰਸ਼ਿਪ ਵੀ ਸ਼ਾਮਿਲ ਹੈ ਜੋ ਦੇਸ਼ ਸਿਵਿਲ ਪਾਰਟਨਰਸ਼ਿਪ ਦੀ ਇਜਾਜ਼ਤ ਦਿੰਦੇ ਹਨ)।

ਸੀ ਪੀ ਏ ਐਕਟ 2004 (ਸੈਕਸ਼ਨ 82, ਸ਼ੈਡਿਊਲ 9) ਰਾਹੀਂ ਫ਼ੈਮਿਲੀ ਲਾਅ ਐਕਟ 1996 ਦੇ ਪਾਰਟ IV ਵਿਚ ਸੋਧ ਕੀਤੀ ਗਈ ਹੈ, ਅਤੇ ਇਸ ਤਰ੍ਹਾਂ ਸਿਵਿਲ ਪਾਰਟਨਰਾਂ ਦੇ ਹੱਕ ਵੀ ਵਿਆਉਤਾ ਜੋੜੇ ਵਾਲੇ ਹਨ। ਇਹਦਾ ਮਤਲਬ ਹੈ ਕਿ ਜਿੱਥੇ 'ਪਤੀ/ਪਤਨੀ' ਨੂੰ ਆਕਿਉਪੇਸ਼ਨ ਆਰਡਰ ਲੈਣ ਦਾ ਹੱਕ ਹੈ ਉੱਥੇ ਸਿਵਿਲ ਪਾਰਟਨਰਾਂ ਨੂੰ ਵੀ ਉਹੋ ਹੱਕ ਹਨ। ਇਹਦੇ ਨਾਲ ਹੀ ਡੀ ਵੀ ਐਕਟ 2004 ਦੇ ਸੈਕਸ਼ਨ 3 ਰਾਹੀਂ ਐਫ਼ ਐਲ ਏ 1996 ਦੀ 'ਸੰਬੰਧਤ ਸਾਥੀਆਂ' ਵਾਲੀ ਲਿਸਟ ਵਿਚ ਸੋਧ ਕਰਕੇ ਸਪਸ਼ਟ ਕੀਤਾ ਹੈ ਕਿ 'ਸਹਿਕਾਮੀਆਂ' ਵਿਚ ਸਮਲਿੰਗੀ ਸਹਿਕਾਮੀ ਵੀ ਸ਼ਾਮਿਲ ਹਨ।

## ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004[12]

ਇਸ ਕਾਨੂੰਨ ਦੇ ਸੈਕਸ਼ਨ 1 ਅਤੇ 4 ਦੇ ਫ਼ੈਮਿਲੀ ਲਾਅ ਐਕਟ 2006 'ਤੇ ਪੈਣ ਵਾਲੇ ਅਸਰ 1 ਜੁਲਾਈ 2007 ਤੋਂ ਲਾਗੂ ਹੋਣਗੇ। ਸੈਕਸ਼ਨ 2 ਅਤੇ 3 ਦਸੰਬਰ 2005 ਵਿਚ ਲਾਗੂ ਹੋ ਗਏ ਹਨ: ਸੈਕਸ਼ਨ 2 ਵਿਚ ਸਹਿਕਾਮੀਆਂ ਜਾਂ ਸਾਬਕਾ ਸਹਿਕਾਮੀਆਂ ਅਤੇ ਉਹਨਾਂ ਦੇ ਸੰਬੰਧਾਂ ਬਾਰੇ ਪ੍ਰਬੰਧ ਕੀਤੇ ਗਏ ਹਨ; ਸੈਕਸ਼ਨ 3 ਸਮਲਿੰਗੀ ਸਹਿਕਾਮੀ ਜੋੜਿਆਂ ਨੂੰ ਉਹੀ ਨੌਨ-ਮੋਲੈਸਟੇਸ਼ਨ ਆਰਡਰ ਅਤੇ ਆਕਿਉਪੇਸ਼ਨ ਆਰਡਰ ਲੈਣ ਦਾ ਹੱਕ ਦਿੰਦਾ ਹੈ।

ਸੈਕਸ਼ਨ 1 ਨੌਨ-ਮੋਲੈਸਟੇਸ਼ਨ ਆਰਡਰ ਦੇ ਉਲੰਘਣ ਨੂੰ ਜੁਰਮ ਕਰਾਰ ਦਿੰਦਾ ਹੈ। ਇਸ ਉਲੰਘਣ ਦੀ ਸਜ਼ਾ ਜੁਰਮ ਸਾਬਤ ਹੋਣ 'ਤੇ ਪੰਜ ਸਾਲਾਂ ਦੀ ਕੈਦ ਹੈ। ਇਹਦੇ ਬਾਰੇ ਜਾਣਕਾਰੀ ਉੱਪਰ ਵਾਲੇ ਹਿੱਸੇ 'ਜੇ ਆਰਡਰ ਦਾ ਪਾਲਣ ਨਾ ਕੀਤਾ ਜਾਏ, ਤਾਂ ਅਦਾਲਤ ਕੀ ਕਰਦੀ ਹੈ?' ਵਿਚ ਦਿੱਤੀ ਗਈ ਹੈ।

ਸੈਕਸ਼ਨ 4 ਰਾਹੀਂ ਉਹਨਾਂ ਜੋੜਿਆਂ ਨੂੰ ਨੌਨ-ਮੋਲੈਸਟੇਸ਼ਨ ਆਰਡਰ ਅਤੇ ਆਕਿਉਪੇਸ਼ਨ ਆਰਡਰ ਲੈਣ ਦਾ ਹੱਕ ਦਿੰਦਾ ਹੈ ਜੋ ਕਦੇ ਵੀ ਸਹਿਕਾਮੀ ਜਾਂ ਵਿਆਹੇ ਹੋਏ ਨਹੀਂ ਰਹੇ।

ਸੈਕਸ਼ਨ 12 ਅਦਾਲਤਾਂ ਨੂੰ ਇਹ ਸ਼ਕਤੀ ਦਿੰਦਾ ਹੈ ਕਿ ਉਹ ਕਿਸੇ ਜੁਰਮ ਦੀ ਸਜ਼ਾ ਦੇ ਵੇਲੇ ਰੋਕ ਲਾਉਣ ਵਾਲੇ ਆਰਡਰ ਦੇ ਸਕਣ, ਅਤੇ (ਰਿਹਾਈ ਮਗਰੋਂ) ਜਿਸ ਵਿਅਕਤੀ ਦਾ ਰੋਕ ਵਾਲੇ ਆਰਡਰ ਵਿਚ ਨਾਂ ਹੈ ਉਹਨੂੰ ਇਹ ਹੱਕ ਦਿੰਦਾ ਹੈ ਕਿ ਜੇ ਉਹ ਅਦਾਲਤ ਵਿਚ ਅਰਜ਼ੀ ਦੇ ਕੇ ਇਸ ਆਰਡਰ ਨੂੰ ਬਦਲਣ ਜਾਂ ਖ਼ਤਮ ਕਰਨ ਲਈ ਆਖ ਸਕੇ। ਇਹ ਸੈਕਸ਼ਨ ਵੀ 1 ਜੁਲਾਈ 2007 ਤੋਂ ਲਾਗੂ ਹੋਏਗਾ ਅਤੇ ਇਹਦੇ ਵਾਰੇ ਵਧੇਰੇ ਜਾਣਕਾਰੀ ਤੀਸਰੇ ਹਿੱਸੇ ਦੇ ਉਸ ਹਿੱਸੇ ਵਿਚ ਦਿੱਤੀ ਗਈ ਹੈ ਜਿਸ ਵਿਚ ਪ੍ਰੋਟੈਕਸ਼ਨ ਫ਼੍ਰੌਮ ਹਾਰਾਸਮੈਂਟ ਐਕਟ 1997 ਦੇ ਕ੍ਰਿਮੀਨਲ ਪੱਖਾਂ ਬਾਰੇ ਦੱਸਿਆ ਗਿਆ ਹੈ।

[12] http://www.legislation.hmso.gov.uk/acts/acts2004/20040028.htm

# ਦੂਸਰਾ ਹਿੱਸਾ: ਬੱਚੇ

## ਚਿਲਡਰਨ ਐਕਟ 1989

ਫ਼ੈਮਿਲੀ ਲਾਅ ਐਕਟ 1996 ਦੇ ਸ਼ੈਡਿਊਲ 6 ਰਾਹੀਂ ਚਿਲਡਰਨ ਐਕਟ 1989 ਵਿਚ ਹੋਈ ਇਕ ਸੋਧ ਕਾਰਨ ਅਦਾਲਤ ਬੱਚਿਆਂ ਨਾਲ ਬਦਸਲੂਕੀ ਕਰਨ ਦੇ ਸ਼ੱਕੀ ਕਿਸੇ ਵਿਅਕਤੀ ਨੂੰ ਘਰ ਵਿਚੋਂ ਕੱਢਣ ਲਈ ਜਾਂ ਉਹਨੂੰ ਬੱਚੇ ਦੇ ਘਰ ਦੇ ਦੁਆਲੇ ਨਿਸ਼ਚਿਤ ਥਾਂ ਦੇ ਅੰਦਰ ਦਾਖ਼ਿਲ ਹੋਣੋਂ ਮਨ੍ਹਾਂ ਕਰਨ ਲਈ ਹੁਕਮ ਜਾਰੀ ਕਰ ਸਕਦੀ ਹੈ। ਜਿੱਥੇ ਅਦਾਲਤ ਕੋਲ ਉਹਨੂੰ ਕੱਢਣ ਦਾ ਹੁਕਮ ਜਾਰੀ ਕਰਨ ਦੀ ਸ਼ਕਤੀ ਹੈ ਉੱਥੇ ਇਹਦੀ ਬਜਾਇ ਉਹ ਉਸ ਵਿਅਕਤੀ ਤੋਂ ਅੰਡਰਟੇਕਿੰਗ (ਵਚਨ) ਲੈ ਸਕਦੀ ਹੈ।

ਇਹ ਆਰਡਰ ਅਦਾਲਤ ਤਦ ਹੀ ਜਾਰੀ ਕਰੇਗੀ (ਚਿਲਡਰਨਜ਼ ਐਕਟ 1989 ਦੇ ਸੈਕਸ਼ਨ 44A, 44B, 38A ਅਤੇ 38B ਦੇ ਤਹਿਤ) (ਫ਼ੈਮਿਲੀ ਲਾਅ ਐਕਟ 1996 ਦੇ ਸ਼ੈਡਿਊਲ 6 ਰਾਹੀਂ ਸ਼ਾਮਿਲ ਕੀਤੇ ਗਏ) ਜਦ ਕੋਈ ਐਮਰਜੈਂਸੀ ਪ੍ਰੋਟੈਕਸ਼ਨ ਆਰਡਰ ਜਾਂ ਇੰਟਰਿਮ ਕੇਅਰ ਆਰਡਰ ਜਾਰੀ ਕੀਤਾ ਗਿਆ ਹੈ।

## ਅਡੌਪਸ਼ਨ ਐਂਡ ਚਿਲਡਰਨ ਐਕਟ 2002

ਅਡੌਪਸ਼ਨ ਐਂਡ ਚਿਲਡਰਨ ਐਕਟ ਨਵੰਬਰ 2002 ਵਿਚ ਪਾਸ ਹੋਇਆ ਸੀ। ਇਸ ਐਕਟ ਵਿਚ ਹੁਣ ਸਪਸ਼ਟ ਕੀਤਾ ਗਿਆ ਹੈ ਕਿ ਜਦ ਕੋਈ ਅਦਾਲਤ ਚਿਲਡਰਨ ਐਕਟ 1989 ਦੇ ਸੈਕਸ਼ਨ 8 ਦੇ ਤਹਿਤ ਅਰਜ਼ੀਆਂ ਬਾਰੇ ਵਿਚਾਰ ਕਰ ਰਹੀ ਹੋਵੇ, ਅਤੇ ਇਹ ਵਿਚਾਰ ਵੀ ਕਰ ਰਹੀ ਹੋਵੇ ਕਿ ਕੀ ਕਿਸੇ ਬੱਚੇ ਨੂੰ ਕਸ਼ਟ ਹੋਇਆ ਹੈ, ਜਾਂ ਹੋ ਸਕਦਾ ਹੈ, ਤਾਂ ਇਹਦੇ ਲਈ ਇਹ ਵਿਚਾਰ ਕਰਨਾ ਲਾਜ਼ਮੀ ਹੋਏਗਾ ਕਿ ਬੱਚੇ ਨੂੰ ਸਿਰਫ਼ ਘਰੇਲੂ ਹਿੰਸਾ ਤੋਂ ਨਹੀਂ ਸਗੋਂ ਘਰੇਲੂ ਹਿੰਸਾ ਦੇਖਣ ਨਾਲ ਹੋ ਸਕਣ ਵਾਲੇ ਕਸ਼ਟ ਬਾਰੇ ਵੀ ਵਿਚਾਰ ਕਰੇ।

ਨੁਕਸਾਨ ਦੀ ਸੋਧੀ ਹੋਈ ਪਰਿਭਾਸ਼ਾ ਰਸਮੀ ਤੌਰ ’ਤੇ ਜਨਵਰੀ 2005 ਵਿਚ ਅਪਣਾਈ ਗਈ। ਇਸ ਸੋਧ ਨਾਲ ਅਦਾਲਤਾਂ ਅਤੇ ਅਜਿਹੇ ਕੇਸਾਂ ਨੂੰ ਸੰਭਾਲਣ ਵਾਲੇ ਕਰਮਚਾਰੀਆਂ ਨੂੰ ਸੰਪਰਕ ਅਤੇ ਘਰੇਲੂ ਹਿੰਸਾ ਬਾਰੇ ਮੌਜੂਦਾ ਹਿਦਾਇਤਾਂ ਦੇ ਨਾਲ ਇਕ ਹੋਰ ਹਿਦਾਇਤ ਵੀ ਮਿਲਦੀ ਹੈ।

ਬੱਚੇ ਨਾਲ ਸੰਪਰਕ ਅਤੇ ਰਿਹਾਇਸ਼ ਬਾਰੇ ਸੋਧੇ ਹੋਏ ਫ਼ਾਰਮ C1ਅਤੇ C1A (ਜਿਹਨਾਂ ਨੂੰ ਆਮ ਤੌਰ ’ਤੇ ‘ਗੇਟਵੇਅ’ ਫ਼ਾਰਮ ਆਖਿਆ ਜਾਂਦਾ ਹੈ) ਵੀ 31 ਜਨਵਰੀ 2005 ਨੂੰ ਸ਼ੁਰੂ ਕੀਤੇ ਗਏ। ਬਿਨੈਕਾਰਾਂ ਅਤੇ ਮੁਦਾਲਿਆਂ ਨੂੰ ਸ਼ੁਰੂ ਵਿਚ ਚਿੰਤਾਵਾਂ ਪ੍ਰਗਟ ਕਰਨ ਦਾ ਮੌਕਾ ਵੀ ਮਿਲਦਾ ਹੈ, ਅਤੇ ਉਹ ਅਦਾਲਤ ਦੇ ਵਿਚਾਰ ਕਰਨ ਲਈ ਇਹ ਜਾਣਕਾਰੀ ਦੇ ਸਕਦੇ ਹਨ ਕਿ ਕੀ ਘਰੇਲੂ ਹਿੰਸਾ ਦੀਆਂ ਕੋਈ ਅਜਿਹੀਆਂ ਘਟਨਾਵਾਂ ਹੋਈਆਂ ਹਨ ਜਿਹਨਾਂ ਦਾ ਬੱਚਿਆਂ ’ਤੇ ਕੋਈ ਮਾੜਾ ਅਸਰ ਪਿਆ ਹੈ ਜਾਂ ਭਵਿੱਖ ਵਿਚ ਪੈ ਸਕਦਾ ਹੈ।

## ਚਿਲਡਰਨ ਐਕਟ 2004

ਚਿਲਡਰਨ ਐਕਟ 2004 ਨੇ ਬੱਚਿਆਂ ਦੇ ਕੇਸਾਂ ਵਿਚ ਜਾਣਕਾਰੀ ਦੇਣ ਦੇ ਨਿਯਮਾਂ ਨੂੰ ਬਦਲ ਦਿੱਤਾ ਹੈ। ਨਵੇਂ ਨਿਯਮ 31 ਅਕਤੂਬਰ 2005 ਨੂੰ ਲਾਗੂ ਹੋਏ ਹਨ। ਪੂਰੀ ਜਾਣਕਾਰੀ ਲੈਣ ਲਈ ਕੋਰਟ ਸਰਵਿਸ ਦੀ ਇਸ ਵੈੱਬਸਾਈਟ ’ਤੇ ਪ੍ਰਕਾਸ਼ਿਤ ਹਿਦਾਇਆਂ ਪੜ੍ਹੋ: http://www.hmcourts-service.gov.uk/docs/ex710_1105.pdf

ਨਵੇਂ ਨਿਯਮਾਂ ਵਿਚ ਅਜਿਹਾ ਕੁਝ ਵੀ ਨਹੀਂ ਜੋ ਇਸ ਅਸੂਲ ਦੇ ਖ਼ਿਲਾਫ਼ ਜਾਂਦਾ ਹੋਵੇ ਕਿ ਬੱਚਿਆਂ ਦੀ ਭਲਾਈ ਵਲ ਅਦਾਲਤਾਂ ਨੂੰ ਸਭ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ, ਜਾਂ ਜਿਹਦੇ ਨਾਲ ਖ਼ਾਸ ਕੇਸਾਂ ਵਿਚਲੀ ਜਾਣਕਾਰੀ ਹੋਰਨਾਂ ਨੂੰ ਦੇਣ ਜਾਂ ਇਹਦੇ ਦੇਣ ’ਤੇ ਰੋਕ ਲਾਉਣ ਦੀਆਂ ਅਦਾਲਤ ਦੀਆਂ ਮੂਲ ਸ਼ਕਤੀਆਂ ’ਤੇ ਕੋਈ ਅਸਰ ਪੈਂਦਾ ਹੋਵੇ। ਇਹਨਾਂ ਨਿਯਮਾਂ

ਨਾਲ ਬਾਲਿਗ਼ਾਂ ਦੀ ਪ੍ਰਾਈਵੇਸੀ ਦੀਆਂ ਲੋੜਾਂ ਅਤੇ ਸਹੀ ਸਲਾਹ ਅਤੇ ਮਦਦ ਲੈਣ ਦੀਆਂ ਲੋੜਾਂ ਵਿਚਕਾਰ ਸੰਤੁਲਨ ਪੈਦਾ ਹੁੰਦਾ ਹੈ। ਇਹ ਨਿਯਮ ਸਾਲ ਦੇ ਸ਼ੁਰੂ ਵਿਚ ਕਾਨੂੰਨ ਵਿਚ ਹੋਈਆਂ ਤਬਦੀਲੀਆਂ ਤੋਂ ਅਲਾਵਾ ਹਨ।

12 ਅਪ੍ਰੈਲ 2005 ਨੂੰ, ਚਿਲਡਰਨ ਐਕਟ 2004 ਦਾ ਸੈਕਸ਼ਨ 62 ਲਾਗੂ ਹੋਇਆ। ਇਹਦਾ ਮਤਲਬ ਹੈ ਕਿ :

- ਜੇ ਬੱਚਿਆਂ ਦੇ ਸੰਬੰਧ ਵਿਚ ਫ਼ੈਮਿਲੀ ਪ੍ਰੋਸੀਡਿੰਗਜ਼ ਦੀ ਕੋਈ ਧਿਰ ਆਰਡਰਾਂ ਬਾਰੇ ਜਾਣਕਾਰੀ ਹੋਰ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਦੇਵੇ, ਤਾਂ ਹੁਣ ਇਹ ਜੁਰਮ ਨਹੀਂ ਹੋਏਗਾ, ਜਦ ਤਕ ਇਹ ਜਾਣਕਾਰੀ ਆਮ ਲੋਕਾਂ ਜਾਂ ਮੀਡੀਆ ਨੂੰ ਨਾ ਦਿੱਤੀ ਜਾਏ; ਅਤੇ
- ਜੇ ਨਿਯਮਾਂ ਅਨੁਸਾਰ ਅਜਿਹੇ ਹਾਲਾਤ ਹਨ ਜਿਹਨਾਂ ਵਿਚ ਪ੍ਰਾਈਵੇਟ ਰੂਪ ਵਿਚ ਹੋਈਆਂ ਪਰਿਵਾਰਕ ਪ੍ਰੋਸੀਡਿੰਗਜ਼ ਬਾਰੇ ਖ਼ਾਸ ਜਾਣਕਾਰੀ ਕਿਸੇ ਹੋਰ ਨੂੰ ਦਿੱਤੀ ਜਾਏ, ਤਾਂ ਹੁਣ ਇਹ ਅਦਾਲਤ ਦੀ ਤੌਹੀਨ ਨਹੀਂ ਮੰਨੀ ਜਾਏਗੀ।

## ਚਿਲਡਰਨ ਐਂਡ ਅਡੌਪਸ਼ਨ ਐਕਟ 2006

ਚਿਲਡਰਨ ਐਂਡ ਅਡੌਪਸ਼ਨ ਐਕਟ 2006[13] ਪਾਰਲੀਮੈਂਟ ਵਿਚ ਪਾਸ ਹੋ ਕੇ ਇਹਨੂੰ 21 ਜੂਨ 2006 ਨੂੰ ਸ਼ਾਹੀ ਪ੍ਰਵਾਨਗੀ ਮਿਲ ਗਈ ਹੈ। ਇਹਦੇ ਲਾਗੂ ਹੋਣ ਮਗਰੋਂ, ਅਦਾਲਤਾਂ ਨੂੰ ਬੱਚਿਆਂ ਨਾਲ ਸੰਪਰਕ ਨੂੰ ਸੌਖਾ ਬਣਾਉਣ ਅਤੇ ਚਿਲਡਰਨ ਐਕਟ 1989 ਦੇ ਅਨੁਸਾਰ ਸੰਪਰਕ ਕਰਨ ਬਾਰੇ ਜਾਰੀ ਕੀਤੇ ਆਰਡਰਾਂ ਨੂੰ ਲਾਗੂ ਕਰਨ ਦੀਆਂ ਵੱਧ ਲਚਕਦਾਰ ਸ਼ਕਤੀਆਂ ਮਿਲ ਜਾਣਗੀਆਂ। ਇਸ ਕਾਨੂੰਨ ਨਾਲ ਸੰਪਰਕ ਕਰਨ ਦੇ ਅਜਿਹੇ ਕੇਸਾਂ ਨੂੰ ਨਿਪਟਾਉਣ ਲਈ ਜਿੱਥੇ ਮਾਪਿਆਂ ਦੇ ਵਿਚਾਰ ਨਹੀਂ ਮਿਲਦੇ ਅਦਾਲਤਾਂ ਨੂੰ ਵੱਧ ਇਖ਼ਤਿਆਰ ਮਿਲ ਜਾਣਗੇ। ਇਸ ਕਾਨੂੰਨ ਵਿਚ ਇਹ ਕੰਮ ਸੌਖਾ ਬਣਾਉਣ ਦੇ ਜਿਹੜੇ ਨਵੇਂ ਢੰਗ ਹਨ ਉਹਨਾਂ ਵਿਚ ਅਦਾਲਤ ਦੀ ਇਹ ਸ਼ਕਤੀ ਵੀ ਸ਼ਾਮਿਲ ਹੈ ਕਿ ਸੰਪਰਕ ਕਰਨ ਦਾ ਆਰਡਰ ਜਾਰੀ ਕਰਨ ਤੋਂ ਪਹਿਲਾਂ ਉਹ ਮਾਪਿਆਂ ਨੂੰ "ਸੰਪਰਕ ਕਰਨ ਦੇ ਕੰਮ" ਬਾਰੇ ਜਾਣਕਾਰੀ ਲੈਣ ਲਈ ਆਖ ਸਕੇ, ਜਿਵੇਂ ਕਿ ਮਾਪਿਆਂ ਨੂੰ ਇਹਦੇ ਨਾਲ ਸੰਬੰਧਤ ਕਲਾਸਾਂ ਜਾਂ ਜਾਣਕਾਰੀ ਸੈਸ਼ਨਾਂ ਵਿਚ ਜਾਣ ਲਈ ਆਖ ਕੇ, ਅ ਤੇ ਕਿਸੇ ਕੈਫ਼ਕੈਸ (CAFCASS) ਅਫ਼ਸਰ ਨੂੰ ਆਖੇ ਕਿ ਉਹ ਸੰਪਰਕ ਬਾਰੇ ਛਾਣ ਬੀਣ ਕਰੇ।

ਜੇ ਸੰਪਰਕ ਕਰਨ ਦੇ ਆਰਡਰ ਦਾ ਉਲੰਘਣ ਹੋਵੇ, ਤਾਂ ਇਸ ਐਕਟ ਰਾਹੀਂ ਅਦਾਲਤ ਨੂੰ ਇਹ ਸ਼ਕਤੀ ਮਿਲੀ ਹੈ ਕਿ ਉਹ ਸੰਪਰਕ ਦੇ ਹੁਕਮ ਦਾ ਉਲੰਘਣ ਕਰਨ ਵਾਲੇ ਵਿਅਕਤੀ ਨੂੰ ਬਿਨਾਂ ਤਨਖ਼ਾਹ ਕੰਮ ਕਰਨ ਦੀ ਸਜ਼ਾ ਦੇ ਸਕੇ। ਇਹਦੇ ਨਾਲ ਸੰਪਰਕ ਦੇ ਨਿਯਮਾਂ ਦੇ ਉਲੰਘਣ ਨਾਲ ਨਾਲ ਨਿਪਟਣ ਲਈ ਅਦਾਲਤਾਂ ਨੂੰ ਵੱਧ ਲਚਕਦਾਰ ਸ਼ਕਤੀਆਂ ਮਿਲੀਆਂ ਹਨ, ਅਤੇ ਇਹ ਸ਼ਕਤੀਆਂ ਉਹਨਾਂ ਸ਼ਕਤੀਆਂ ਤੋਂ ਅਲਾਵਾ ਹਨ ਜੋ ਕਿਸੇ ਆਰਡਰ ਦੇ ਉਲੰਘਣ ਨੂੰ ਅਦਾਲਤ ਦੀ ਤੌਹੀਨ ਮੰਨਦੀਆਂ ਹਨ।

ਇਸ ਐਕਟ ਦੇ ਸੈਕਸ਼ਨ 7 ਦੇ ਅਨੁਸਾਰ ਚਿਲਡਰਨ ਐਂਡ ਫ਼ੈਮਿਲੀ ਕੋਰਟ ਐਡਵਾਈਜ਼ਰੀ ਸੁਪੋਰਟ ਸਰਵਿਸਿਜ਼ (ਕੈਫ਼ਕੈਸ) ਦੇ ਅਫ਼ਸਰਾਂ, ਜਾਂ ਵੈਲਸ਼ ਫ਼ੈਮਿਲੀ ਪ੍ਰੋਸੀਡਿੰਗਜ਼ ਅਫ਼ਸਰਾਂ ਲਈ ਲਾਜ਼ਮੀ ਹੈ ਕਿ ਉਹ ਚਿਲਡਰਨ ਐਕਟ 1989 ਦੇ ਤਹਿਤ ਹੋਣ ਵਾਲੀਆਂ ਪ੍ਰਾਈਵੇਟ ਲਾਅ ਪ੍ਰੋਸੀਡਿੰਗਜ਼ [ਰਿਹਾਇਸ਼/ਸੰਪਰਕ/ਮਨਾਹੀ ਵਾਲੇ ਕੰਮ ਅਤੇ ਖ਼ਾਸ ਮਸਲਿਆਂ ਵਾਲੇ ਆਰਡਰ] ਵਿਚ ਉੱਥੇ ਖ਼ਤਰੇ ਦਾ ਹਿਸਾਬ ਲਾਉਣ ਜਿੱਥੇ ਉਹਨਾਂ ਨੂੰ ਸ਼ੱਕ ਪਏ ਕਿ ਬੱਚੇ ਨੂੰ ਖ਼ਤਰਾ ਹੋ ਸਕਦਾ ਹੈ। ਫਿਰ ਉਹਨਾਂ ਲਈ ਲਾਜ਼ਮੀ ਹੈ ਕਿ ਬੱਚੇ ਨੂੰ ਨੁਕਸਾਨ ਪਹੁੰਚਣ ਦੇ ਖ਼ਤਰੇ ਬਾਰੇ ਉਹਨਾਂ ਨੂੰ ਜਿਹੜੀਆਂ ਗੱਲਾਂ ਦਾ ਪਤਾ ਲੱਗਿਆ ਹੋਵੇ ਉਹ ਗੱਲਾਂ ਉਹ ਅਦਾਲਤ ਨੂੰ ਦੱਸਣ।

[ਆਸ ਹੈ ਕਿ ਚਿਲਡਰਨ ਐਂਡ ਅਡੌਪਸ਼ਨ ਐਕਟ 2006 ਦੇ ਪਾਰਟ 1 ਵਿਚ ਫ਼ੈਮਿਲੀ ਅਸਿਸਟੈਂਸ ਆਰਡਰਜ਼ ਅਤੇ ਖ਼ਤਰੇ ਦਾ ਹਿਸਾਬ ਲਾਉਣ ਦੇ ਨਿਯਮ ਅਕਤੂਬਰ 2007 ਵਿਚ ਲਾਗੂ ਕਰ ਦਿੱਤੇ ਜਾਣਗੇ।]

---

[13] ਇਸ ਕਾਨੂੰਨ ਦੀ ਇਬਾਰਤ ਇਸ ਵੈੱਬਸਾਈਟ 'ਤੇ ਪੜ੍ਹੀ ਜਾ ਸਕਦੀ ਹੈ: http://www.opsi.gov.uk/acts2006/20060020.htm ਇਹਦਾ ਲਿੰਕ ਮਾਪਿਆਂ ਦੇ ਵੱਖਰੇ ਹੋਣ: ਬੱਚਿਆਂ ਦੀਆਂ ਲੋੜਾਂ ਅਤੇ ਮਾਪਿਆਂ ਦੀਆਂ ਜ਼ਿੰਮੇਦਾਰੀਆਂ ਬਾਰੇ ਸਰਕਾਰ ਦੇ ਗਰੀਨ ਪੇਪਰ ਨਾਲ ਹੈ: http://www.dfes.gov.uk/childrensneeds/

# ਤੀਸਰਾ ਹਿੱਸਾ: ਕ੍ਰਿਮੀਨਲ ਰੋਕਾਂ ਜਾਂ ਮਨਾਹੀਆਂ

## ਕਾਨੂੰਨ

ਕ੍ਰਿਮੀਨਲ ਕਾਨੂੰਨ ਵਿਚ 'ਘਰੇਲੂ ਹਿੰਸਾ' ਨਾਂ ਵਾਲਾ ਕੋਈ ਖ਼ਾਸ ਜੁਰਮ ਨਹੀਂ ਮੰਨਿਆ ਗਿਆ ਹੈ। ਇਸ ਕਰਕੇ, ਜੁਰਮ ਕਰਨ ਦਾ ਦੋਸ਼ ਲਾਉਣ ਵੇਲੇ ਬਦਸਲੂਕੀ ਜਾਂ ਹਿੰਸਾ ਦੇ ਖ਼ਾਸ ਹਾਲਾਤ ਵਲ ਧਿਆਨ ਦਿੱਤਾ ਜਾਂਦਾ ਹੈ। ਇਹਦਾ ਮਤਲਬ ਹੈ ਕਿ ਘਰੇਲੂ ਹਾਲਤ ਅਤੇ ਜਬਰੀ ਵਿਆਹ ਦੀ ਹਾਲਤ ਵਿਚ ਹੋਣ ਵਾਲੀ ਹਿੰਸਾ ਵਿਚ ਕਈ ਜੁਰਮ ਸ਼ਾਮਿਲ ਹੋ ਸਕਦੇ ਹਨ। ਹੇਠ ਲਿਖੇ ਕਾਨੂੰਨਾਂ ਦੇ ਸੈਕਸ਼ਨ ਘਰੇਲੂ ਹਿੰਸਾ ਦੇ ਕੇਸਾਂ 'ਤੇ ਲਾਗੂ ਹੋ ਸਕਦੇ ਹਨ। ਇਹ ਲਿਸਟ ਮੁਕੰਮਲ ਨਹੀਂ ਹੈ।

| | |
|---|---|
| ਕਤਲ | ਕੌਮਨ ਲਾਅ |
| ਮਾਨਵਘਾਤ | ਕੌਮਨ ਲਾਅ |
| ਜ਼ਮਾਨਤ ਦਾ ਉਲੰਘਣ | ਬੇਲ ਐਕਟ 1976 s6(1) (2) ਅਤੇ (7) |
| ਭੰਨ ਤੋੜ ਕਰਨ ਦਾ ਜੁਰਮ | ਕ੍ਰਿਮੀਨਲ ਡੈਮੇਜ ਐਕਟ 1971 s1 (1) |
| ਆਮ ਹਮਲਾ | ਕ੍ਰਿਮੀਨਲ ਜਸਟਿਸ ਐਕਟ 1988 s39 |
| ਕਤਲ ਕਰਨ ਦੀ ਧਮਕੀ ਦੇਣਾ | ਔਫ਼ੈਂਸਿਜ਼ ਅਗੇਂਸਟ ਦ ਪਰਸਨਜ਼ ਐਕਟ 1861 s16 |
| ਇਰਾਦੇ ਨਾਲ ਜੀ ਬੀ ਐਚ | ਔਫ਼ੈਂਸਿਜ਼ ਅਗੇਂਸਟ ਦ ਪਰਸਨਜ਼ ਐਕਟ 1861 s18 |
| ਜੀ ਬੀ ਐਚ/ਸੱਟ ਚੋਟ ਲਾਉਣਾ | ਔਫ਼ੈਂਸਿਸਜ਼ ਅਗੇਂਸਟ ਦ ਪਰਸਨਜ਼ ਐਕਟ 1861 s20 |
| ਏ ਬੀ ਐਚ | ਔਫ਼ੈਂਸਿਜ਼ ਅਗੇਂਸਟ ਦ ਪਰਸਨਜ਼ ਐਕਟ 1861 s47 |
| ਕੁਝ ਹੋਰ | ਔਫ਼ੈਂਸਿਜ਼ ਅਗੇਂਸਟ ਦ ਪਰਸਨਜ਼ ਐਕਟ 1861 |
| ਪਰੇਸ਼ਾਨ ਕਰਨਾ | ਪ੍ਰੋਟੈਕਸ਼ਨ ਫ਼੍ਰੌਮ ਹਾਰਾਸਮੈਂਟ ਐਕਟ s2(1) ਅਤੇ (2), 4(1) |
| ਸ਼ਾਂਤੀ ਭੰਗ ਕਰਨਾ | ਪਬਲਿਕ ਆਰਡਰ ਐਕਟ 1986 s3 |
| ਧਮਕੀ ਦੇਣ ਵਾਲਾ ਵਤੀਰਾ | ਪਬਲਿਕ ਆਰਡਰ ਐਕਟ 1986 s4 |
| ਇਰਾਦੇ ਨਾਲ ਧਮਕੀ ਦੇਣ ਵਾਲਾ ਵਤੀਰਾ | ਪਬਲਿਕ ਆਰਡਰ ਐਕਟ 1986 s4(A) |
| ਬਲਾਤਕਾਰ | ਸੈਕਸੁਅਲ ਔਫ਼ੈਂਸਿਸਜ਼ ਐਕਟ 1956 s1 |
| ਲਿੰਗ ਪ੍ਰਵੇਸ਼ ਰਾਹੀਂ ਹਮਲਾ | ਸੈਕਸੁਅਲ ਔਫ਼ੈਂਸਿਸਜ਼ ਐਕਟ 2003 s2 |
| ਜਿਨਸੀ ਹਮਲਾ | ਸੈਕਸੁਅਲ ਔਫ਼ੈਂਸਿਸਜ਼ ਐਕਟ 2003 s3 |
| ਕੁਝ ਹੋਰ | ਸੈਕਸੁਅਲ ਔਫ਼ੈਂਸਿਸਜ਼ ਐਕਟ 2003 |
| ਚੋਰੀ | ਥੈਫ਼ਟ ਐਕਟ 1968 s1 |
| ਬਲੈਕਮੇਲ | ਥੈਫ਼ਟ ਐਕਟ 1968 s21 |
| ਗਵਾਹਾਂ ਨੂੰ ਡਰਾਉਣਾ | ਕ੍ਰਿਮੀਨਲ ਜਸਟਿਸ ਐਂਡ ਪਬਲਿਕ ਆਡਰ ਐਕਟ 1994 s51 |
| ਬਿਨਾਂ ਇਜਾਜ਼ਤ ਕਿੱਧਰੇ ਦਾਖ਼ਿਲ ਹੋਣ ਦਾ ਜੁਰਮ | ਕ੍ਰਿਮੀਨਲ ਲਾਅ ਐਕਟ 1977 s6(1) |
| ਬੱਚਿਆਂ ਨਾਲ ਜ਼ੁਲਮ | ਚਿਲਡਰਨ ਐਂਡ ਯੰਗ ਪਰਸਨਜ਼ ਐਕਟ 1933 s1 |
| ਬੱਚੇ ਨੂੰ ਅਗਵਾ ਕਰਨਾ | ਚਾਈਲਡ ਐਬਡਕਸ਼ਨ ਐਕਟ 1984 ss1 ਅਤੇ 2 |
| ਨਾਜਾਇਜ਼ ਲਾਭ ਲਈ ਲੋਕਾਂ ਨੂੰ ਚੁੱਕ ਲਿਜਾਣਾ | ਅਸਾਈਲਮ ਐਂਡ ਇੰਮੀਗਰੇਸ਼ਨ (ਟਰੀਟਮੈਂਟ ਆੱਫ਼ ਕਲੇਮੈਂਟਸ ਐਟਸੈਟ੍ਰਾ) ਐਕਟ 2004 s4 |
| ਨਾਜਾਇਜ਼ ਜਿਨਸੀ ਮੰਤਵ ਲਈ ਲੋਕਾਂ ਨੂੰ ਚੁੱਕ ਲਿਜਾਣਾ | ਸੈਕਸੁਅਲ ਔਫ਼ੈਂਸਿਸਜ਼ ਐਕਟ 2003 ss57-60 |

ਜੇ ਜੁਰਮ ਕਰਨ ਦਾ ਦੋਸ਼ ਲਾਇਆ ਜਾਏ, ਤਾਂ ਘਰੇਲੂ ਹਿੰਸਾ ਦੇ ਕੇਸਾਂ ਨਾਲ ਸਭ ਤੋਂ ਪਹਿਲਾਂ ਮੈਜਿਸਟ੍ਰੇਟਸ ਕੋਰਟਾਂ ਨਿਪਟਦੀਆਂ ਹਨ, ਕਿਉਂਕਿ ਕ੍ਰਿਮੀਨਲ ਕੇਸ ਆਮ ਤੌਰ 'ਤੇ ਇੱਥੇ ਸ਼ੁਰੂ ਕੀਤੇ ਜਾਂਦੇ ਹਨ। ਜੁਰਮ ਦੀ ਗੰਭੀਰਤਾ ਅਨੁਸਾਰ ਕੇਸ ਕ੍ਰਾਊਨ ਕੋਰਟ ਵੀ ਭੇਜੇ ਜਾ ਸਕਦੇ ਹਨ। ਬਲਾਤਕਾਰ ਵਰਗੇ ਗੰਭੀਰ ਕੇਸ ਮੈਜਿਟ੍ਰੇਟਸ ਕੋਰਟ ਤੋਂ ਕ੍ਰਾਊਨ ਕੋਰਟ ਭੇਜੇ ਜਾਂਦੇ ਹਨ, ਅਤੇ ਇਹਨਾਂ ਕੇਸਾਂ ਨੂੰ 'ਇੰਡਾਈਟੇਬਲ ਓਨਲੀ' ਆਖਿਆ ਜਾਂਦਾ ਹੈ। ਇਹਨਾਂ ਕੇਸਾਂ ਬਾਰੇ ਸੰਬੰਧਤ ਮੈਜਿਸਟ੍ਰੇਟ ਕੋਰਟ ਇਹ ਫ਼ੈਸਲਾ ਕਰੇਗੀ ਕਿ ਕੀ ਇਹ ਇੰਨੇ ਗੰਭੀਰ ਹਨ ਕਿ ਖ਼ੁਦ ਉਹ ਇਹਨਾਂ ਨੂੰ ਨਹੀਂ ਨਿਪਟਾ ਸਕਦੀ। ਜੇ ਉਹ ਇਸ ਕੇਸ ਦੀ ਸੁਣਵਾਈ ਦਾ ਫ਼ੈਸਲਾ ਕਰੇ, ਤਦ ਵੀ ਮੁਜਰਿਮ ਇਹਦੀ ਸੁਣਵਾਈ ਕ੍ਰਾਊਨ ਕੋਰਟ ਵਿਚ ਕਰਵਾਉਣ ਦਾ ਫ਼ੈਸਲਾ ਕਰ ਸਕਦਾ/ਸਕਦੀ ਹੈ। 'ਸਮਰੀ ਓਨਲੀ' ਕੇਸਾਂ ਦੀ ਸੁਣਵਾਈ ਸਿਰਫ਼ ਮੈਜਿਸਟ੍ਰੇਟ ਕੋਰਟ ਵਿਚ ਹੋ ਸਕਦੀ ਹੈ।

ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲੇ ਇਹ ਜ਼ੋਰ ਨਹੀਂ ਦੇ ਸਕਦੇ ਕਿ ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (ਸੀ ਪੀ ਐੱਸ) ਕ੍ਰਿਮੀਨਲ ਮੁਕੱਦਮਾ ਜ਼ਰੂਰ ਚਲਾਏ। ਜੇ ਅੱਗੇ ਸੰਖੇਪ ਵਿਚ ਦੱਸੇ ਕਾਰਨਾਂ ਕਰਕੇ ਸੀ ਪੀ ਐੱਸ ਕੇਸ ਨਾ ਚਲਾਉਣ ਦਾ ਫ਼ੈਸਲਾ ਕਰੇ, ਤਾਂ ਇਹ ਲੋਕ ਕ੍ਰਿਮੀਨਲ ਕੇਸ ਦੀ ਥਾਂ ਸਿਵਿਲ ਕੇਸ ਚਲਾਉਣ ਦਾ ਵਿਚਾਰ ਕਰ ਸਕਦੇ ਹਨ। ਪਰ ਸੀ ਪੀ ਐੱਸ ਦੀ ਪਾਲਿਸੀ ਇਹ ਹੈ ਕਿ ਜਿੱਥੋਂ ਤਕ ਹੋ ਸਕੇ ਵੱਧ ਤੋਂ ਵੱਧ ਕੇਸ ਚਲਾਏ ਜਾਣ।

**ਘਰੇਲੂ ਹਿੰਸਾ ਨਾਲ ਪੁਲਿਸ ਕਿਵੇਂ ਨਿਪਟਦੀ ਹੈ?**

ਜ਼ਿਆਦਾਤਰ ਪੁਲਿਸ ਅਥਾਰਿਟੀਆਂ ਨੇ ਘਰੇਲੂ ਹਿੰਸਾ ਯੂਨਿਟ (ਡੋਮੈਸਟਿਕ ਵਾਇਓਲੈਂਸ ਯੂਨਿਟ ਜਾਂ ਡੀ ਵੀ ਯੂ) ਬਣਾਏ ਹੋਏ ਹਨ। ਇਹਨਾਂ ਯੂਨਿਟਾਂ ਵਿਚ ਖ਼ਾਸ ਅਫ਼ਸਰ ਹੁੰਦੇ ਹਨ ਜਿਹਨਾਂ ਨੂੰ ਘਰੇਲੂ ਹਿੰਸਾ (ਅਤੇ ਕੁਝ ਥਾਂਵਾਂ ਅਤੇ ਜਬਰੀ ਵਿਆਹ) ਦੇ ਮਸਲਿਆਂ ਬਾਰੇ ਖ਼ਾਸ ਸਿਖਲਾਈ ਮਿਲੀ ਹੁੰਦੀ ਹੈ। ਇਹ ਅਫ਼ਸਰ ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲਿਆਂ ਨੂੰ ਮਦਦ ਦਿੰਦੇ ਹਨ। ਸਭ ਪੁਲਿਸ ਫ਼ੋਰਸਾਂ ਦਾ ਆਪਣਾ ਕਮਿਉਨਿਟੀ ਸੇਫ਼ਟੀ ਯੂਨਿਟ ਹੁੰਦਾ ਹੈ ਅਤੇ ਇਹ ਯੂਨਿਟ ਇਹਨਾਂ ਲੋਕਾਂ ਨੂੰ ਜਾਣਕਾਰੀ ਅਤੇ ਸਲਾਹ ਦੇ ਸਕਦੇ ਹਨ ਅਤੇ ਕਮਿਉਨਿਟੀ ਦੇ ਕਈ ਮਸਲਿਆਂ ਨੂੰ ਸੰਭਾਲਦੇ ਹਨ, ਜਿਹਨਾਂ ਵਿਚ ਨਸਲਵਾਦੀ ਬਦਸਲੂਕੀ, ਆਂਢ ਗੁਆਂਢਾਂ ਵਿਚ ਖ਼ਰਾਬੀ ਅਤੇ ਹੋਰ ਮਸਲੇ ਅਤੇ ਉਹ ਮਸਲੇ ਸ਼ਾਮਿਲ ਹਨ ਜਿਹਨਾਂ ਨੂੰ ਨਫ਼ਰਤ ਕਾਰਣ ਹੋਣ ਵਾਲੇ ਜੁਰਮ ਆਖਿਆ ਜਾਂਦਾ ਹੈ, ਜਿਵੇਂ ਸਮਲਿੰਗੀਆਂ ਨਾਲ ਹੋਣ ਵਾਲੀ ਹਿੰਸਾ।

ਜਦ ਪੁਲਿਸ ਨੂੰ ਘਰੇਲੂ ਹਿੰਸਾ ਵਾਲੀ ਥਾਂ 'ਤੇ ਬੁਲਾਇਆ ਜਾਂਦਾ ਹੈ, ਤਾਂ ਉਹ ਆਮ ਤੌਰ 'ਤੇ ਇਹ ਕੰਮ ਕਰਦੀ ਹੈ

- ਮੁੱਢਲੀ ਜਾਂਚ ਪੜਤਾਲ ਕਰਨਾ ਅਤੇ ਹਰ ਮਿਲ ਸਕਣ ਵਾਲੇ ਹਰ ਕਿਸਮ ਦੇ ਸਬੂਤ ਜੁਟਾਉਣਾ, ਪਤਾ ਕਰਨਾ ਕਿ ਕੀ ਹੋਰ ਕੋਈ ਸਬੂਤ ਮਿਲ ਸਕਦੇ ਹਨ, ਹੋ ਸਕਣ ਵਾਲੇ ਮੌਕੇ ਦੇ ਗਵਾਹਾਂ ਦੀ ਪਛਾਣ ਕਰਨਾ, ਅਤੇ ਲੋੜ ਪੈਣ 'ਤੇ ਹੋਰ ਕਿਸਮ ਦੇ ਗਵਾਹਾਂ ਬਾਰੇ ਵੀ ਪਤਾ ਕਰਨਾ।
- ਜੇ ਉਹਨਾਂ ਨੂੰ ਯਕੀਨ ਹੋਵੇ ਕਿ ਮੁਜਰਿਮ ਹਾਲੇ ਉੱਥੇ ਹੀ ਹੈ ਜਾਂ ਉਹਨੂੰ ਲੱਭਿਆ ਜਾ ਸਕਦਾ ਹੈ, ਤਾਂ ਉਹਨੂੰ ਗਰਿਫ਼ਤਾਰ ਕਰਨਾ, ਜੇ ਅਜਿਹਾ ਕਰਨ ਦਾ ਕੋਈ ਕਾਰਨ ਹੋਵੇ (ਜੇ ਕਿਸੇ ਬੰਦੇ 'ਤੇ ਉਹਨਾਂ ਨੂੰ ਸ਼ੱਕ ਹੋਵੇ ਕਿ ਉਹਨੇ ਕੋਈ ਹਿੰਸਕ ਜੁਰਮ ਕੀਤਾ ਹੈ ਜਾਂ ਕਰਨ ਵਾਲਾ ਹੈ ਜਾਂ ਜੇ ਉਹਨੇ ਸ਼ਾਂਤੀ ਭੰਗ ਕੀਤੀ ਹੈ, ਤਾਂ ਉਹਨੂੰ ਗਰਿਫ਼ਤਾਰ ਕਰਨ ਲਈ ਪੁਲਿਸ ਨੂੰ ਗਰਿਫ਼ਤਾਰੀ ਵਾਰੰਟ ਦੀ ਲੋੜ ਨਹੀਂ ਹੁੰਦੀ; ਅਤੇ ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਉਹਨਾਂ ਨੇ ਖ਼ੁਦ ਹਮਲਾ ਹੁੰਦਾ ਦੇਖਿਆ ਹੋਵੇ)।
- ਜੁਰਮ ਦਾ ਨਿਸ਼ਾਨਾ ਬਣਨ ਵਾਲੇ/ਵਾਲੀ ਨੂੰ ਸ਼ੱਕੀ ਬੰਦੇ ਤੋਂ ਪਰ੍ਹਾਂ ਲਿਜਾ ਕੇ ਉਹਦਾ ਬਿਆਨ ਲੈਣ ਦੀ ਕੋਸ਼ਿਸ਼ ਕਰਨਾ, ਭਾਵੇਂ ਇਹ ਬਿਆਨ ਸੰਖੇਪ ਜਾਂ ਮੁੱਢਲਾ ਜਿਹਾ ਹੀ ਹੋਵੇ। ਪਰ, ਜੇ ਹੋਰ ਸਬੂਤ ਮਿਲ ਸਕਦੇ ਸਨ ਅਤੇ ਇਹ ਪੁਲਿਸ ਨੇ ਇਕੱਠੇ ਕਰ ਲਏ ਹੋਣ, ਤਾਂ ਜੁਰਮ ਦੇ ਪੀੜਿਤ ਵਿਅਕਤੀ ਦੀ ਮਦਦ ਤੋਂ ਬਿਨਾਂ ਵੀ ਕੇਸ ਚਲਾਇਆ ਜਾ ਸਕਦਾ ਹੈ। ਪੀੜਿਤ ਤੋਂ ਬਿਆਨ ਲੈਣ ਦਾ ਇਕ ਮੰਤਵ ਇਹ ਵੀ ਹੁੰਦਾ ਹੈ ਕਿ ਸ਼ੱਕੀ ਵਿਅਕਤੀ ਨਾਲ ਅਫ਼ਸਰ ਪੁਲਿਸ ਸਟੇਸ਼ਨ ਵਿਚ ਗੱਲਬਾਤ ਕਰ ਸਕਣ। ਸ਼ੱਕੀ ਵਿਅਕਤੀ 'ਤੇ 24 ਘੰਟਿਆਂ ਵਿਚ ਇਲਜ਼ਾਮ ਲਾਇਆ ਜਾਣਾ ਚਾਹੀਦਾ ਹੈ, ਜੇ ਸਮੇਂ ਵਿਚ ਵਾਧਾ ਕਰਨ ਦੀ ਇਜਾਜ਼ਤ ਨਾ ਮਿਲੀ ਹੋਵੇ। ਕਈ ਹਾਲਤਾਂ ਵਿਚ, ਹੋਰ ਸਬੂਤ ਇਕੱਠੇ ਕਰਨ ਲਈ ਸ਼ੱਕੀ ਵਿਅਕਤੀ ਨੂੰ ਜ਼ਮਾਨਤ 'ਤੇ ਛੱਡਿਆ ਜਾ ਸਕਦਾ ਹੈ, ਅਤੇ ਬਾਅਦ ਵਿਚ ਫਿਰ ਬੁਲਾਇਆ ਜਾ ਸਕਦਾ ਹੈ।
- ਕਈ ਵਾਰ ਉਹ ਪੀੜਿਤ ਨੂੰ ਆਖਦੇ ਹਨ ਕਿ ਉਹ ਫ਼ੋਰੈਂਜ਼ਿਕ ਮੈਡੀਕਲ ਐਗਜ਼ਾਮੀਨਰ (ਐਫ਼ ਐਮ ਈ) ਨੂੰ ਮਿਲੇ। ਜੇ ਉਹ ਮੰਨ ਜਾਏ, ਤਾਂ ਉਹਦਾ ਮੁਆਇਨਾ ਕਰਵਾਉਣ ਲਈ ਪੁਲਿਸ ਉਹਨੂੰ ਪੁਲਿਸ ਸਟੇਸ਼ਨ ਲੈ ਜਾਂਦੀ ਹੈ। ਕੁਝ ਹਾਲਤਾਂ ਵਿਚ ਪੁਲਿਸ ਜੁਰਮ ਵਾਲੀ ਥਾਂ 'ਤੇ ਉਹਦਾ ਮੁਆਇਨਾ ਕਰਨ ਲਈ ਐਫ਼ ਐਮ ਈ ਨੂੰ ਬੁਲਾਉਂਦੀ ਹੈ। ਜੇ

ਉਹ ਔਰਤ ਹੋਵੇ ਅਤੇ ਐਫ਼ ਐਮ ਈ ਨੂੰ ਨਾ ਮਿਲਣਾ ਚਾਹੇ, ਤਾਂ ਉਹਨੂੰ ਆਖਿਆ ਜਾਂਦਾ ਹੈ ਕਿ ਉਹ ਛੇਤੀ ਤੋਂ ਛੇਤੀ ਆਪਣੇ ਜੀ ਪੀ ਡਾਕਟਰ ਜਾਂ ਨੇੜੇ ਦੇ ਹਸਪਤਾਲ ਜਾਏ। ਇਹਦੇ ਨਾਲ ਸਿਰਫ਼ ਉਹਦਾ ਇਲਾਜ ਕਰਨ ਦੀ ਲੋੜ ਦਾ ਹੀ ਪਤਾ ਨਹੀਂ ਲਗਦਾ ਸਗੋਂ ਅਦਾਲਤ ਵਿਚ ਪੇਸ਼ ਕਰਨ ਲਈ ਸਬੂਤ ਵੀ ਮਿਲ ਜਾਂਦਾ ਹੈ।

- ਘਰੇਲੂ ਹਿੰਸਾ ਬਾਰੇ ਪੁਲਿਸ ਫ਼ੋਰਸ ਆਪਣੀਆਂ ਕਾਰਜਨੀਤੀਆਂ ਅਨੁਸਾਰ ਪੀੜਿਤ ਨੂੰ ਸਲਾਹ ਦਿੰਦੀ ਹੈ ਕਿ ਉਹ ਹੋਰ ਕੀ ਕੁਝ ਕਰ ਸਕਦਾ/ਸਕਦੀ ਹੈ, ਜਿਵੇਂ ਸਿਵਿਲ ਕਾਰਵਾਈ ਕਰਕੇ ਰੋਕ ਲਗਵਾਉਣਾ। ਪੁਲਿਸ ਉਹਨੂੰ ਲੋੜ ਅਨੁਸਾਰ ਸੰਪਰਕ ਕਰਨ ਲਈ ਵਿਮੈਨਜ਼ ਏਡ ਜਾਂ ਵਿਕਟਿਮ ਸੁਪੋਰਟ ਜਾਂ ਘਰੇਲੂ ਹਿੰਸਾ ਦੇ ਮਾਹਿਰ ਕਿਸੇ ਸਥਾਨਕ ਸੋਲਿਸਟਰ ਵਰਗੀਆਂ ਮਦਦ ਦੇਣ ਵਾਲੀਆਂ ਸੰਸਥਾਵਾਂ ਦੇ ਪਤੇ ਦੇ ਸਕਦੀ ਹੈ। ਵਿਕਟਿਮ ਸੁਪੋਰਟ ਨੂੰ ਕੋਈ ਜਾਣਕਾਰੀ ਦੇਣ ਤੋਂ ਪਹਿਲਾਂ ਪੀੜਿਤ ਵਿਅਕਤੀ ਦੀ ਇਜਾਜ਼ਤ ਲੈਣਾ ਜ਼ਰੂਰੀ ਹੈ, ਪਰ ਇਸ ਸੰਸਥਾ ਨਾਲ ਸਿੱਧਿਆਂ ਵੀ ਰਾਬਤਾ ਕੀਤਾ ਜਾ ਸਕਦਾ ਹੈ। ਪੁਲਿਸ ਦੀ ਇਹ ਜ਼ਿੰਮੇਦਾਰੀ ਹੈ ਕਿ ਉਹ ਸੀ ਪੀ ਐੱਸ ਨਾਲ ਸਲਾਹ ਕਰਕੇ ਕੇਸ ਦੀ ਛਾਣ ਬੀਣ ਕਰੇ ਅਤੇ ਫ਼ੈਸਲਾ ਕਰੇ ਕਿ ਕੀ ਸ਼ੱਕੀ ਵਿਅਕਤੀ 'ਤੇ ਇਲਜ਼ਾਮ ਲਾਉਣਾ ਹੈ, ਜਿਹਦੇ ਲਈ ਉਹਨਾਂ ਨੂੰ ਮਿਲੇ ਸਬੂਤਾਂ ਦੀ ਮਜ਼ਬੂਤੀ ਅਤੇ ਅਪਰਾਧੀ ਨੂੰ ਸਜ਼ਾ ਦੁਆ ਸਕਣ ਦੀ ਸੰਭਾਵਨਾ ਬਾਰੇ ਵੀ ਵਿਚਾਰ ਕਰਨਾ ਪੈਂਦਾ ਹੈ।

**ਪੁਲਿਸ ਦੀ ਜ਼ਮਾਨਤ ਵਿਚ ਕਿਹੜੀਆਂ ਗੱਲਾਂ ਹੁੰਦੀਆਂ ਹਨ?**

ਪੁਲਿਸ ਕਿਸੇ 'ਤੇ ਇਲਜ਼ਾਮ ਲਾਉਣ ਦਾ ਫ਼ੈਸਲਾ ਕਰਨ ਤੋਂ ਜਾਂ ਉਹਨੂੰ ਅਦਾਲਤ ਵਿਚ ਪੇਸ਼ ਕਰਨ ਤੋਂ ਪਹਿਲਾਂ ਜ਼ਮਾਨਤ ਦੇ ਸਕਦੀ ਹੈ, ਇਹ ਜ਼ਮਾਨਤ ਸ਼ਰਤੀ ਜਾਂ ਬਿਨਾਂ ਸ਼ਰਤ ਹੋ ਸਕਦੀ ਹੈ, ਜੋ ਕੇਸ ਦੇ ਹਾਲਾਤ 'ਤੇ ਨਿਰਭਰ ਹੁੰਦੀ ਹੈ, ਜਿਵੇਂ ਕੀ ਉਸ ਵਿਅਕਤੀ ਨੂੰ ਪਹਿਲਾਂ ਕਿਸੇ ਜੁਰਮ ਕਾਰਣ ਸਜ਼ਾ ਮਿਲੀ ਹੈ ਜਾਂ ਨਹੀਂ। ਜਿਹਦਾ ਮਤਲਬ ਹੁੰਦਾ ਹੈ ਕਿ ਹੋਰ ਜਾਂਚ ਪੜਤਾਲ ਕਰਨ ਤੋਂ ਪਹਿਲਾਂ ਜਾਂ ਇਲਜ਼ਾਮ ਲਾਉਣ ਮਗਰੋਂ ਅਦਾਲਤ ਵਿਚ ਪੇਸ਼ੀ ਤਕ ਮੁਲਜ਼ਿਮ ਨੂੰ ਜ਼ਮਾਨਤ 'ਤੇ ਛੱਡਣਾ। ਇਲਜ਼ਾਮ ਲਾਉਣ ਤੋਂ ਬਾਅਦ ਜ਼ਮਾਨਤ 'ਤੇ ਰਿਹਾ ਹੋਏ ਮੁਲਜ਼ਿਮਾਂ ਨੂੰ ਸਭ ਤੋਂ ਪਹਿਲਾਂ ਮਿਲਣ ਵਾਲੀ ਤਾਰੀਖ਼ ਨੂੰ ਅਦਾਲਤ ਵਿਚ ਪੇਸ਼ ਕਰਨ ਵਾਲੀ ਲਿਸਟ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

ਸੁਣਵਾਈ ਵੇਲੇ, ਅਦਾਲਤ ਫ਼ੈਸਲਾ ਕਰੇਗੀ ਕਿ ਕੀ ਮੁਲਜ਼ਿਮ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਜਾਏ ਜਾਂ ਪੂਰੀ ਸੁਣਵਾਈ ਹੋਣ ਤਕ ਹਿਰਾਸਤ ਵਿਚ ਰੱਖਿਆ ਜਾਏ। ਜ਼ਮਾਨਤ ਦੇ ਹੱਕ ਵਿਚ ਇਕ ਗੱਲ ਮੰਨੀ ਜਾਂਦੀ ਹੈ। ਜੇ ਮੁਲਜ਼ਿਮ ਨੂੰ ਰਿਮਾਂਡ 'ਤੇ ਹਿਰਾਸਤ ਵਿਚ ਰੱਖਣ ਲਈ ਅਦਾਲਤ ਨੂੰ ਕਹਿਣਾ ਹੋਵੇ, ਤਾਂ ਪ੍ਰੌਸੀਕਿਊਸ਼ਨ (ਸਰਕਾਰੀ ਵਕੀਲ) ਨੂੰ ਇਹ ਸਾਬਤ ਕਰਨਾ ਪਏਗਾ ਕਿ ਜ਼ਮਾਨਤ ਦੀਆਂ ਸ਼ਰਤਾਂ ਵੀ ਮੁਲਜ਼ਿਮ ਨੂੰ ਹੋਰ ਜੁਰਮ ਕਰਨੋਂ ਰੋਕਣ ਲਈ ਅਤੇ ਗਵਾਹਾਂ ਨੂੰ ਤੰਗ ਕਰਨੋਂ ਰੋਕਣ ਲਈ ਕਾਫ਼ੀ ਨਹੀਂ ਹਨ, ਜਾਂ ਇਹਨਾਂ ਨਾਲ ਇਹ ਗੱਲ ਯਕੀਨੀ ਨਹੀਂ ਬਣਦੀ ਕਿ ਉਹ ਪੂਰੀ ਸੁਣਵਾਈ ਲਈ ਆਏਗਾ।

ਅਦਾਲਤ ਮੁਲਜ਼ਿਮ 'ਤੇ ਕਈ ਸ਼ਰਤਾਂ ਲਾ ਸਕਦੀ ਹੈ, ਜਿਹਨਾਂ ਵਿਚੋਂ ਕੁਝ ਇਹ ਹਨ:

- ਕਿ ਉਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਨਿਸ਼ਚਿਤ ਵਿਅਕਤੀ ਨਾਲ ਰਾਬਤਾ ਨਹੀਂ ਕਰ ਸਕਦਾ/ਸਕਦੀ, ਅਤੇ/ਜਾਂ
- ਉਹ ਕਿਸੇ ਨਿਸ਼ਚਿਤ ਥਾਂ 'ਤੇ ਨਹੀਂ ਜਾ ਸਕਦਾ/ਸਕਦੀ (ਅਤੇ ਇਹ ਥਾਂ ਫ਼ਾਸਲੇ ਦੀ ਬਜਾਇ 'ਗਲੀਆਂ ਦੇ ਨਕਸ਼ੇ' ਦੇ ਆਧਾਰ 'ਤੇ ਨਿਸ਼ਚਿਤ ਕਰਨਾ ਵੱਧ ਚੰਗਾ ਸਮਝਿਆ ਜਾਂਦਾ ਹੈ); ਅਤੇ/ਜਾਂ
- ਉਹਨੂੰ ਕਿਸੇ ਨਿਸ਼ਚਿਤ ਥਾਂ 'ਤੇ ਰਹਿਣਾ ਅਤੇ ਸੌਣਾ ਪਏਗਾ; ਅਤੇ/ਜਾਂ
- ਉਹਨੂੰ ਲਾਜ਼ਮੀ ਤੌਰ 'ਤੇ ਕਿਸੇ ਨਿਸ਼ਚਿਤ ਪੁਲਿਸ ਸਟੇਸ਼ਨ ਵਿਚ ਕਿਸੇ ਖ਼ਾਸ ਦਿਨ ਅਤੇ ਖ਼ਾਸ ਸਮੇਂ ਜਾ ਕੇ ਹਾਜ਼ਰੀ ਦੇਣੀ ਪਏਗੀ
- ਕਿਸੇ ਖ਼ਾਸ ਨਿਸ਼ਚਿਤ ਪੁਲਿਸ ਸਟੇਸ਼ਨ ਵਿਚ ਆਪਣਾ ਪਾਸਪੋਰਟ ਜਮ੍ਹਾਂ ਕਰਵਾਉਣਾ ਪਏਗਾ।

ਭਾਵੇਂ ਇਹ ਸ਼ਰਤਾਂ ਨੌਨ-ਮੋਲੈਸਟੇਸ਼ਨ ਜਾਂ ਆਕਿਊਪੇਸ਼ਨ ਆਰਡਰ ਦੇ ਸਿਵਿਲ ਆਰਡਰ ਦੀਆਂ ਸ਼ਰਤਾਂ ਵਰਗੀਆਂ ਹਨ, ਪਰ ਇਹਨਾਂ ਨੂੰ ਇੱਕੋ ਨਹੀਂ ਸਮਝ ਲੈਣਾ ਚਾਹੀਦਾ, ਅਤੇ ਜ਼ਰੂਰੀ ਨਹੀਂ ਕਿ ਇਹਨਾਂ ਵਿਚ ਹਿਫ਼ਾਜ਼ਤ ਦੀਆਂ ਸ਼ਰਤਾਂ ਵੀ ਸ਼ਾਮਿਲ ਹੋਣ।

ਜਦ ਅਦਾਲਤ ਜ਼ਮਾਨਤ ਦੀਆਂ ਸ਼ਰਤਾਂ ਲਾਉਂਦੀ ਹੈ, ਤਾਂ ਉਹ ਆਪਣਾ ਫ਼ੈਸਲਾ ਅਤੇ ਇਹ ਸ਼ਰਤਾਂ ਇਕ ਖ਼ਾਸ ਫ਼ਾਰਮ 'ਤੇ ਲਿਖਦੀ ਹੈ। ਜੇ ਦੋਸ਼ੀ ਇਹਨਾਂ ਵਿਚੋਂ ਕੋਈ ਸ਼ਰਤ ਤੋੜੇ, ਤਾਂ ਉਹਨੂੰ ਗਰਿਫ਼ਤਾਰ ਕੀਤਾ ਜਾ ਸਕਦਾ ਹੈ, ਅਤੇ ਅਦਾਲਤ

ਕੋਲ ਇਹ ਸ਼ਕਤੀ ਹੁੰਦੀ ਹੈ ਕਿ ਉਹਨੂੰ ਰਿਮਾਂਡ 'ਤੇ ਹਿਰਾਸਤ ਵਿਚ ਭੇਜ ਸਕੇ। ਕ੍ਰਿਮੀਨਲ ਮੁਕੱਦਮਾ ਪੂਰਾ ਹੋਣ ਮਗਰੋਂ ਜ਼ਮਾਨਤ ਖ਼ਤਮ ਹੋ ਜਾਂਦੀ ਹੈ ਅਤੇ ਪਿਛਲੀ ਜ਼ਮਾਨਤ ਦੀਆਂ ਸ਼ਰਤਾਂ ਹਟ ਜਾਂਦੀਆਂ ਹਨ। ਫਿਰ ਮੁਲਜ਼ਿਮ 'ਤੇ ਉਹਨਾਂ ਰੋਕਾਂ ਤੋਂ ਅਲਾਵਾ ਹੋਰ ਕੋਈ ਰੋਕਾਂ ਨਹੀਂ ਰਹਿੰਦੀਆਂ ਜੋ ਸਜ਼ਾ ਵਿਚ ਲਾਈਆਂ ਗਈਆਂ ਹੋਣ। ਹੋਰ ਹਿਫ਼ਾਜ਼ਤ ਮਿਲ ਸਕਦੀ ਹੈ ਜੇ ਪੀ ਐਚ ਏ 1997 ਦੇ ਸੈਕਸ਼ਨ 5 ਦੀ ਕ੍ਰਿਮੀਨਲ ਕਾਰਵਾਈ ਰਾਹੀਂ ਉਹਦੇ 'ਤੇ ਰੋਕ ਲਾਉਣ ਦਾ ਹੁਕਮ ਜਾਂ ਪੀ ਐਚ ਏ 1997 ਜਾਂ ਐਫ਼ ਐਲ ਏ 1996 ਦੇ ਤਹਿਤ ਉਹਨੂੰ ਸਿਵਿਲ ਆਰਡਰ ਦਿੱਤਾ ਗਿਆ ਹੋਵੇ। ਡੀ ਵੀ ਐਕਟ 2004 ਦੇ ਸੈਕਸ਼ਨ 12 ਰਾਹੀਂ ਸੈਕਸ਼ਨ 5 ਵਿਚ ਸੋਧ ਕਰਕੇ ਸੈਕਸ਼ਨ 5A ਲਿਆਂਦਾ ਗਿਆ ਜਿਹਦੇ ਰਾਹੀਂ ਮੁਜਰਿਮ ਦੀ ਰਿਹਾਈ ਮਗਰੋਂ ਉਹਦੇ 'ਤੇ ਰੋਕ ਲਾਉਣ ਦਾ ਆਰਡਰ ਜਾਰੀ ਕੀਤਾ ਜਾ ਸਕਦਾ ਹੈ। (ਇਹਦੇ ਬਾਰੇ ਹੋਰ ਜਾਣਕਾਰੀ ਅੱਗੇ ਪੜ੍ਹੋ)।

## ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (ਸੀ ਪੀ ਐੱਸ) ਦਾ ਕੰਮ ਕੀ ਹੈ?

ਕ੍ਰਿਮੀਨਲ ਜਸਟਿਸ ਐਕਟ 2003 ਨਾਲ, ਸੀ ਪੀ ਐੱਸ ਦੀ ਇਹ ਫ਼ੈਸਲਾ ਕਰਨ ਦੀ ਜ਼ਿੰਮੇਦਾਰੀ ਬਹੁਤ ਜ਼ਿਆਦਾ ਵਧ ਗਈ ਹੈ ਕਿ ਕੀ ਸ਼ੱਕੀ ਵਿਅਕਤੀਆਂ 'ਤੇ ਇਲਜ਼ਾਮ ਲਾ ਕੇ ਉਹਨਾਂ 'ਤੇ ਮੁਕੱਦਮਾ ਚਲਾਉਣਾ ਚਾਹੀਦਾ ਹੈ, ਅਤੇ ਕਿਹੜੇ ਇਲਜ਼ਾਮ ਲਾਏ ਜਾਣੇ ਚਾਹੀਦੇ ਹਨ। ਸੀ ਪੀ ਐੱਸ ਦੇ 42 ਇਲਾਕੇ ਹਨ ਜੋ ਪੁਲਿਸ ਦੇ ਇਲਾਕਿਆਂ ਵਰਗੇ ਹੀ ਹਨ ਅਤੇ ਇਕ "ਵਰਚੂਅਲ ਏਰੀਆ" ("ਇਲਾਕਾ ਜਿਹਾ") ਵੀ ਹੈ। ਸੀ ਪੀ ਐੱਸ ਡਾਇਰੈਕਟ ਪੂਰੇ ਦੇਸ਼ ਵਿਚ ਪੁਲਿਸ ਨੂੰ ਦਫ਼ਤਰ ਦੇ ਸਮੇਂ ਪਹਿਲਾਂ ਅਤੇ ਮਗਰੋਂ ਕਿਸੇ 'ਤੇ ਇਲਜ਼ਾਮ ਲਾਏ ਜਾਣ ਤੋਂ ਪਹਿਲਾਂ ਸਲਾਹ ਦਿੰਦੀ ਹੈ। ਹਰ ਇਲਾਕੇ ਵਿਚ ਘਰੇਲੂ ਹਿੰਸਾ ਦਾ ਇਕ ਕੌਮੀ ਕੁ-ਆਰਡੀਨੇਟਰ ਹੁੰਦਾ ਹੈ ਜੋ ਕਾਰਜਨੀਤੀ ਬਣਾਉਣ ਅਤੇ ਇਹਨੂੰ ਲਾਗੂ ਕਰਨ ਦਾ ਕੰਮ ਕਰਦਾ ਹੈ ਅਤੇ ਘਰੇਲੂ ਹਿੰਸਾ ਦੇ ਕੇਸਾਂ ਵਿਚ ਉਹ ਮੁਕੱਦਮਾ ਚਲਾਉਣ ਵਾਲਾ ਮੁੱਖ ਸਰਕਾਰੀ ਵਕੀਲ ਹੁੰਦਾ ਹੈ।

ਕਿਸੇ ਦੋਸ਼ੀ ਨੂੰ ਗਰਿਫ਼ਤਾਰ ਕਰਨ ਮਗਰੋਂ, ਪੁਲਿਸ ਲਾਜ਼ਮੀ ਤੌਰ 'ਤੇ ਸੀ ਪੀ ਐੱਸ ਦੇ ਵਕੀਲ ਨੂੰ ਫ਼ਾਈਲ ਭੇਜਦੀ ਹੈ (ਕੁਝ ਛੋਟੇ ਮੋਟੇ ਜੁਰਮਾਂ ਨੂੰ ਛੱਡ ਕੇ) ਅਤੇ ਕੇਸ ਚਲਾਉਣ ਜਾਂ ਨਾ ਚਲਾਉਣ ਦਾ ਫ਼ੈਸਲਾ ਉਹ ਵਕੀਲ ਕਰਦਾ ਹੈ। ਕੇਸ ਬਾਰੇ ਵਿਚਾਰ ਦੋ ਟੈਸਟਾਂ ਦੇ ਅਨੁਸਾਰ ਕੀਤਾ ਜਾਂਦਾ ਹੈ ਜੋ ਕ੍ਰਾਊਨ ਪ੍ਰੌਸੀਕਿਊਟਰਾਂ ਦੀ ਨਿਯਮਾਵਲੀ (ਕੋਡ) ਵਿਚ ਨਿਸ਼ਚਿਤ ਕੀਤੇ ਗਏ ਹਨ:

1) ਸਬੂਤ ਦਾ ਟੈਸਟ - ਦੋਸ਼ ਸਾਬਤ ਕਰਨ ਦੀ 'ਜਾਇਜ਼ ਸੰਭਾਵਨਾ ਲਈ ਕਾਫ਼ੀ ਸਬੂਤ ਜ਼ਰੂਰ ਹੋਵੇ';

ਜੇ ਪੀੜਿਤ ਵਿਅਕਤੀ ਕੇਸ ਚਲਾਉਣ ਨੂੰ ਸਮਰਥਨ ਨਾ ਦੇਣ ਦਾ ਫ਼ੈਸਲਾ ਕਰੇ, ਤਾਂ ਕੇਸ ਆਪਣੇ ਆਪ ਹੀ ਵਾਪਸ ਨਹੀਂ ਲਿਆ ਜਾਂਦਾ। ਜੇ ਹੋਰ ਸਬੂਤ ਹੋਣ ਜੋ ਸਬੂਤ ਦੇ ਟੈਸਟ 'ਤੇ ਖਰੇ ਉਤਰਦੇ ਹੋਣ, ਤਾਂ ਕੇਸ ਚਲਾਇਆ ਜਾ ਸਕਦਾ ਹੈ। ਜਾਂ ਫਿਰ ਕਿਸੇ ਗਵਾਹ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਇਹ ਕੰਮ ਤਦ ਕੀਤਾ ਜਾਂਦਾ ਹੈ ਜੇ ਕੋਈ ਤਜਰਬੇਕਾਰ ਸਰਕਾਰੀ ਵਕੀਲ ਕੇਸ ਬਾਰੇ ਅਫ਼ਸਰਾਂ ਨਾਲ ਸਲਾਹ ਕਰਨ ਮਗਰੋਂ ਇਹ ਫ਼ੈਸਲਾ ਕਰੇ। ਇਹ ਫ਼ੈਸਲਾ ਆਮ ਤੌਰ 'ਤੇ ਉਹਨਾਂ ਹਾਲਤਾਂ ਵਿਚ ਕੀਤਾ ਜਾਂਦਾ ਹੈ ਜੇ ਕੇਸ ਚਲਾਉਣਾ ਆਮ ਲੋਕਾਂ ਦੇ ਹਿਤ ਵਿਚ ਹੋਵੇ, ਜਿਵੇਂ ਕਿ ਵਧ ਰਹੀ ਹਿੰਸਾ, ਬੱਚਿਆਂ ਦਾ ਸ਼ਾਮਿਲ ਹੋਣਾ ਜਾਂ ਪੀੜਿਤ ਵਿਅਕਤੀ ਨੂੰ ਖ਼ਤਰਾ ਹੋਣਾ।

ਜੇ ਪੀੜਿਤ ਵਿਅਕਤੀ ਪੁਲਿਸ ਨੂੰ ਇਹ ਦੱਸੇ ਕਿ ਉਹ ਆਪਣਾ ਪਹਿਲਾ ਬਿਆਨ ਵਾਪਸ ਲੈਣਾ ਚਾਹੁੰਦਾ/ਚਾਹੁੰਦੀ ਹੈ, ਤਾਂ ਸੀ ਪੀ ਐੱਸ ਉਹਤੋਂ ਇਕ ਹੋਰ ਲਿਖਤੀ ਬਿਆਨ ਲੈਣ ਲਈ ਪੁਲਿਸ ਨੂੰ ਆਖੇਗੀ ਜਿਸ ਵਿਚ ਇਹ ਦੱਸਿਆ ਹੋਵੇ ਕਿ ਕੀ ਉਹਦਾ ਪਹਿਲਾ ਬਿਆਨ ਠੀਕ ਸੀ ਜਾਂ ਨਹੀਂ ਅਤੇ ਕੀ ਇਹ ਫ਼ੈਸਲਾ ਕਰਨ ਲਈ ਉਹਦੇ 'ਤੇ ਦਬਾਓ ਪਾਇਆ ਗਿਆ ਹੈ? ਬਿਆਨ ਵਾਪਸ ਲਏ ਜਾਣ ਬਾਰੇ ਪੁਲਿਸ ਦੇ ਵਿਚਾਰ ਵੀ ਪੁੱਛੇ ਜਾਂਦੇ ਹਨ। ਜੇ ਇਹ ਸ਼ੱਕ ਪਏ ਕਿ ਪੀੜਿਤ ਨੂੰ ਕੇਸ ਵਾਪਸ ਲੈਣ ਲਈ ਮਜਬੂਰ ਕੀਤਾ ਗਿਆ ਹੈ, ਤਾਂ ਸੀ ਪੀ ਐੱਸ ਇਸ ਮੁਆਮਲੇ ਦੀ ਹੋਰ ਜਾਂਚ ਪੜਤਾਲ ਕਰਨ ਲਈ ਆਖ ਸਕਦੀ ਹੈ।

2) ਲੋਕਾਂ ਦੇ ਹਿਤ ਦਾ ਟੈਸਟ - ਜੇ ਕੇਸ ਸਬੂਤ ਦੇ ਟੈਸਟ 'ਤੇ ਸਹੀ ਉਤਰੇ, ਤਦ ਹੀ ਸਰਕਾਰੀ ਵਕੀਲ ਇਸ ਟੈਸਟ ਬਾਰੇ ਵਿਚਾਰ ਕਰਦਾ ਹੈ।

ਲੋਕ ਹਿਤਾਂ ਬਾਰੇ ਵਿਚਾਰ ਕਰਨ ਵੇਲੇ ਬਹੁਤ ਸਾਰੀਆਂ ਗੱਲਾਂ ਵਲ ਧਿਆਨ ਦਿੱਤਾ ਜਾਂਦਾ ਹੈ, ਜਿਵੇਂ ਕਿ ਕੀ ਜੁਰਮ ਸੋਚ ਸਮਝ ਕੇ ਕੀਤਾ ਗਿਆ, ਕੀ ਇਹ ਜੁਰਮ ਕਿਸੇ ਬੱਚੇ ਦੀ ਹਾਜ਼ਰੀ ਵਿਚ ਜਾਂ ਉਹਦੇ ਨੇੜੇ ਤੇੜੇ ਕੀਤਾ ਗਿਆ, ਜਾਂ ਕਈ ਇਹ ਸੋਚਣ ਦੇ ਕੁਝ ਕਾਰਣ ਹਨ ਕਿ ਇਹ ਜੁਰਮ ਫਿਰ ਵੀ ਕੀਤਾ ਜਾਏਗਾ। ਇਹਨਾਂ ਸਭ ਗੱਲਾਂ ਵਲ ਧਿਆਨ ਦਿੱਤਾ ਜਾਂਦਾ ਹੈ।

ਸੀ ਪੀ ਐੱਸ ਕਾਨੂੰਨੀ ਤੌਰ 'ਤੇ ਕੇਸ ਵਿਚ ਸੰਬੰਧਤ ਧਿਰਾਂ ਤੋਂ, ਜਿਵੇਂ ਕਿ ਪੁਲਿਸ ਜਾਂ ਪੀੜਿਤ ਵਿਅਕਤੀ ਤੋਂ, ਫ਼ੈਮਿਲੀ ਪ੍ਰੋਸੀਡਿੰਗਜ਼ ਦੇ ਫ਼ੈਸਲਿਆਂ ਦੀਆਂ ਕਾਪੀਆਂ ਲੈ ਸਕਦੀ ਹੈ। ਬਿਆਨਾਂ ਅਤੇ ਰਿਪੋਰਟਾਂ ਵਰਗੀ ਹੋਰ ਜਾਣਕਾਰੀ ਦੀ ਹੋਰ ਕਾਰਵਾਈਆਂ ਲਈ ਵਰਤੋਂ ਕਰਨ ਤੋਂ ਪਹਿਲਾਂ ਫ਼ੈਮਿਲੀ ਕੋਰਟ ਤੋਂ ਇਜਾਜ਼ਤ ਲੈਣਾ ਲਾਜ਼ਮੀ ਹੈ।[14]

ਜੇ ਸੀ ਪੀ ਐੱਸ ਨੂੰ ਕਿਸੇ ਸਿਵਿਲ ਆਰਡਰ ਦੇ ਉਲੰਘਣ ਬਾਰੇ ਪਤਾ ਹੋਵੇ, ਤਾਂ ਉਹ ਇਸ ਜਾਣਕਾਰੀ ਦੀ ਵਰਤੋਂ ਕਰਨ ਦੇ ਢੰਗ ਬਾਰੇ ਵਿਚਾਰ ਕਰੇਗੀ ਅਤੇ ਇਹ ਵੀ ਕਿ ਕੀ ਕ੍ਰਿਮੀਨਲ ਕੇਸ ਚਲਾਉਣ ਦਾ ਕੰਮ ਇਹਦੇ ਨਾਲ ਵੱਧ ਮਜ਼ਬੂਤ ਬਣ ਸਕਦਾ ਹੈ।

ਫ਼ਰਵਰੀ 2005[15] ਵਿਚ ਪ੍ਰਕਾਸ਼ਿਤ ਸੀ ਪੀ ਐੱਸ ਦੀ ਸੋਧੀ ਹੋਈ ਪਾਲਿਸੀ ਵਿਚ ਘਰੇਲੂ ਹਿੰਸਾ ਦੇ ਕੇਸ ਚਲਾਉਣ ਬਾਰੇ ਜਾਣਕਾਰੀ ਇਸ ਵੈੱਬਸਾਈਟ 'ਤੇ ਹੈ – (www.cps.gov.uk )।

**ਅਦਾਲਤ ਵਿਚ ਪੇਸ਼ ਹੋਣ ਅਤੇ ਉਡੀਕ ਕਰਨ ਦੇ ਸਮੇਂ ਬਾਰੇ?**

ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਘਰੇਲੂ ਹਿੰਸਾ ਦੇ ਜ਼ਿਆਦਾਤਰ ਕੇਸਾਂ ਦੀ ਸੁਣਵਾਈ ਮੈਜਿਸਟ੍ਰੇਟਸ ਕੋਰਟਾਂ ਵਿਚ ਹੁੰਦੀ ਹੈ, ਇਹਨਾਂ ਵਿਚੋਂ ਥੋੜੇ ਜਿਹੇ ਕ੍ਰਾਊਨ ਕੋਰਟ ਭੇਜੇ ਜਾਂਦੇ ਹਨ, ਜਿਵੇਂ ਅੱਗੇ ਦੱਸਿਆ ਗਿਆ ਹੈ। ਦੋਹਾਂ ਕਿਸਮ ਦੀਆਂ ਅਦਾਲਤਾਂ ਵਿਚ ਉਡੀਕ ਕਰਨ ਦੇ ਸਮੇਂ ਵੱਖ ਵੱਖ ਹੁੰਦੇ ਹਨ - ਕੁਝ ਹਫ਼ਤਿਆਂ ਤੋਂ ਲੈ ਕੇ ਕਈ ਮਹੀਨਿਆਂ ਤਕ। ਲਿਸਟ ਵਿਚ ਸ਼ਾਮਿਲ ਕਰਨ ਦਾ ਕੰਮ ਕਿਸੇ ਖ਼ਾਸ ਅਦਾਲਤ ਦੇ ਕੰਮ ਦੇ ਬੋਝ 'ਤੇ ਨਿਰਭਰ ਹੁੰਦਾ ਹੈ, ਅਤੇ ਕੋਈ ਵੀ ਧਿਰ ਸੁਣਵਾਈ ਨੂੰ ਮੁਲਤਵੀ ਕਰਵਾ ਸਕਦੀ ਹੈ, ਜਿਵੇਂ ਕਿ ਕੇਸ ਤਿਆਰ ਕਰਨ ਲਈ, ਰਿਪਰੋਟਾਂ ਲੈਣ  ਲਈ, ਵਗ਼ੈਰਾ ਵਗ਼ੈਰਾ।

ਕਈ ਕਾਰਨਾਂ ਕਰਕੇ ਕੇਸ ਕ੍ਰਾਊਨ ਕੋਰਟ ਭੇਜਿਆ ਜਾਂਦਾ ਹੈ, ਜਿਵੇਂ:

- ਜੇ ਇਹ ਕੇਸ "ਇੰਡਾਈਟੇਬਲ" ਹੋਵੇ (ਇਹਦੇ ਬਾਰੇ "ਵਰਤੇ ਗਏ ਕੁਝ ਸ਼ਬਦਾਂ ਦੇ ਅਰਥ" ਦੇਖੋ); ਜਾਂ
- ਇਹ ਜੁਰਮ "ਆਈਦਰ ਵੇਅ" (ਦੋਹਾਂ ਵਿਚੋਂ ਕਿਸੇ ਵੀ ਕੋਰਟ ਵਿਚ ਜਾਣ ਵਾਲਾ, ਜਿਹਦੇ ਬਾਰੇ ਅੱਗੇ "ਵਰਤੇ ਗਏ ਕੁਝ ਸ਼ਬਦਾਂ ਦੇ ਅਰਥ" ਵਾਲਾ ਹਿੱਸਾ ਪੜ੍ਹੋ) ਅਤੇ "ਸਮਰੀ ਢੰਗ ਨਾਲ" (ਜੂਰੀ ਤੋਂ ਬਿਨਾਂ ਸਿਰਫ਼ ਮੈਜਿਸਟ੍ਰੇਟ ਦੇ ਸਾਹਮਣੇ) ਚਲਾਉਣ ਦੇ ਯੋਗ ਨਹੀਂ ਸਮਝਿਆ ਗਿਆ; ਜਾਂ
- ਇਹ ਜੁਰਮ "ਆਈਦਰ ਵੇਅ" ਹੈ ਅਤੇ ਮੁਜਰਿਮ ਨੇ ਇਹਦੀ ਸੁਣਵਾਈ ਕ੍ਰਾਊਨ ਕੋਰਟ ਵਿਚ ਕਰਵਾਉਣ ਦਾ ਫ਼ੈਸਲਾ ਕੀਤਾ ਹੈ; ਜਾਂ
- ਇਹ ਜੁਰਮ "ਆਈਦਰ ਵੇਅ" ਹੈ ਅਤੇ ਮੈਜਿਸਟ੍ਰੇਟ ਸਮਝਦੇ ਹਨ ਕਿ ਕਸੂਰ ਦੇ ਅਨੁਸਾਰ ਕਾਫ਼ੀ ਸਜ਼ਾ ਦੇਣ ਦੀ ਸ਼ਕਤੀ ਉਹਨਾਂ ਕੋਲ ਨਹੀਂ ਹੈ।

ਕ੍ਰਿਮੀਨਲ ਕਾਰਵਾਈ ਭਾਵੇਂ ਕਿਸੇ ਪੜਾਅ 'ਤੇ ਹੋਵੇ, ਪੁਲਿਸ ਦਾ ਇਹ ਫ਼ਰਜ਼ ਹੈ ਕਿ ਕੰਮ ਅੱਗੇ ਵਧਣ ਬਾਰੇ ਪੀੜਿਤ ਵਿਅਕਤੀ  ਨੂੰ ਵਿਟਨੈੱਸ ਕੇਅਰ ਯੂਨਿਟ (ਡਬਲਯੂ ਸੀ ਯੂ) ਰਾਹੀਂ ਦੱਸਿਆ ਜਾਏ, ਖ਼ਾਸ ਤੌਰ 'ਤੇ ਜ਼ਮਾਨਤ ਦੇਣ ਦੇ ਫ਼ੈਸਲੇ ਬਾਰੇ। ਡਬਲਯੂ ਸੀ ਯੂ ਪੀੜਿਤ ਨੂੰ ਵਿਕਟਿਮ ਸੁਪੋਰਟ ਅਤੇ ਵਿਟਨੈੱਸ ਸਰਵਿਸ ਬਾਰੇ ਦੱਸੇਗਾ ਜੋ ਉਸ ਅਦਾਲਤ ਵਿਚ ਹੈ ਜਿੱਥੇ ਕੇਸ ਦੀ ਸੁਣਵਾਈ ਹੋਣੀ ਹੈ। ਵਿਟਨੈੱਸ ਸਰਵਿਸ ਮੰਗ ਆਉਣ 'ਤੇ ਗਵਾਹਾਂ,ਪੀੜਿਤ ਲੋਕਾਂ ਅਤੇ ਉਹਨਾਂ ਦੇ ਦੋਸਤਾਂ ਅਤੇ ਪਰਿਵਾਰ ਵਾਲਿਆਂ ਨੂੰ ਸੁਣਵਾਈ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਮਦਦ ਅਤੇ ਜਾਣਕਾਰੀ ਦਿੰਦੀ ਹੈ। ਕਹੇ

[14] ਦੇਖੋ Family Proceedings (Amendment) Rules 2005 (various)

[15] ਘਰੇਲੂ ਹਿੰਸਾ ਦੇ ਕੇਸਾਂ ਦਾ ਮੁਕੱਦਮਾ ਚਲਾਉਣ ਦੀ ਪਾਲਿਸੀ **ਅਤੇ** ਮੁਕੱਦਮਾ ਚਲਾਉਣ ਦੇ ਫ਼ੈਸਲੇ ਕਿਵੇਂ ਕੀਤੇ ਜਾਂਦੇ ਹਨ:
http://www.cps.gov.uk/publications/docs/DomesticViolencePolicy.pdf **ਅਤੇ**
http://www.cps.gov.uk/publications/docs/DomesticViolenceLeaflet.pdf

ਜਾਣ ਤੇ, ਇਸ ਸੁਣਵਾਈ ਤੋਂ ਪਹਿਲਾਂ ਇਹਨਾਂ ਨੂੰ ਅਦਾਲਤ ਦਿਖਾ ਵੀ ਸਕਦੀ ਹੈ। ਪੀੜਿਤ ਲੋਕਾਂ ਨੂੰ ਮਿਲਣ ਵਾਲੀ ਪੂਰੀ ਸਰਵਿਸ ਬਾਰੇ ਪੂਰੀ ਜਾਣਕਾਰੀ ਵਿਕਟਿਮ ਸੁਪੋਰਟ ਦੇ ਪਰਚੇ *Going to Court* (ਅਦਾਲਤ ਜਾਣਾ) ਵਿਚ ਦਿੱਤੀ ਹੋਈ ਹੈ, ਜੋ ਪੁਲਿਸ ਅਤੇ/ਜਾਂ ਡਬਲਯੂ ਸੀ ਯੂ ਗਵਾਹਾਂ ਨੂੰ ਦਿੰਦੀ ਹੈ। ਅਦਾਲਤ ਵਿਚ ਪੇਸ਼ ਹੋਣ ਵਾਲੇ ਕਿਸੇ ਵੀ ਵਿਅਕਤੀ ਨੂੰ ਆਉਣ ਜਾਣ ਦੇ ਖ਼ਰਚ ਅਤੇ ਖ਼ਰਚ ਮੰਗਣ ਦੇ ਢੰਗਾਂ ਬਾਰੇ ਵੀ ਸਲਾਹ ਦਿੱਤੀ ਜਾਂਦੀ ਹੈ। ਪੁਲਿਸ ਪੀੜਿਤ ਲੋਕਾਂ ਦਾ ਰਾਬਤਾ ਮਦਦ ਦੇਣ ਵਾਲੀਆਂ ਹੋਰ ਸਥਾਨਕ ਸੰਸਥਾਵਾਂ ਨਾਲ ਵੀ ਕਰਵਾ ਸਕਦੀ ਹੈ। ਇਹਦੇ ਬਾਰੇ ਹੋਰ ਜਾਣਕਾਰੀ ਤੁਸੀਂ ਇਸ ਐਚ ਐਮ ਸੀ ਐੱਸ ਵਿਕਟਿਮ ਐਂਡ ਵਿਟਨੈੱਸ ਵੈੱਬਸਾਈਟ ਤੋਂ ਲੈ ਸਕਦੇ ਹੋ - http://www.hmcourts-service.gov.uk/infoabout/attend/witness/index.htm

### ਕੇਸ ਲਿਸਟ ਵਿਚ ਕਿਵੇਂ ਰੱਖਿਆ ਜਾਂਦਾ ਹੈ?

ਕੇਸ ਨੂੰ ਲਿਸਟ ਵਿਚ ਰੱਖਣ ਤੋਂ ਪਹਿਲਾਂ ਪੁਲਿਸ ਦਾ ਕ੍ਰਿਮੀਨਲ ਜਸਟਿਸ ਯੂਨਿਟ ਮੁਕੱਦਮੇ ਤੋਂ ਪਹਿਲਾਂ ਸਭਨਾਂ ਧਿਰਾਂ ਤੋਂ ਪੁੱਛਦਾ ਹੈ ਕਿ ਕਿਹੜੀਆਂ ਤਾਰੀਖ਼ਾਂ ਉਹਨਾਂ ਲਈ ਠੀਕ ਨਹੀਂ - ਅਤੇ ਉਹ ਪਤੇ ਅਤੇ ਟੈਲੀਫ਼ੋਨ ਨੰਬਰ ਵੀ ਪੁੱਛਦਾ ਹੈ ਜਿਹਨਾਂ 'ਤੇ ਇਹਨਾਂ ਧਿਰਾਂ ਨਾਲ ਥੋੜੇ ਜਿਹੇ ਸਮੇਂ ਦੇ ਨੋਟਿਸ 'ਤੇ ਸੰਪਰਕ ਕੀਤਾ ਜਾ ਸਕੇ।

ਮੈਜਿਸਟ੍ਰੇਟ ਕੋਰਟਾਂ ਲਈ ਕੇਸ ਖ਼ਾਸ ਤਾਰੀਖ਼ਾਂ ਲਈ ਲਿਸਟ ਵਿਚ ਰੱਖੇ ਜਾਂਦੇ ਹਨ, ਅਤੇ ਸੁਣਵਾਈ ਦੀ ਮੁੱਢਲੀ ਸੂਚਨਾ ਅਤੇ ਸੁਣਵਾਈ ਲਈ ਮਿੱਥੀ ਗਈ ਤਾਰੀਖ਼ ਵਿਚਕਾਰ ਜਾਇਜ਼ ਸਮਾਂ ਰੱਖਿਆ ਜਾਂਦਾ ਹੈ।

ਕ੍ਰਾਊਨ ਕੋਰਟਾਂ ਵਿਚ, ਕੇਸ ਜਾਂ ਤਾਂ ਖ਼ਾਸ ਤਾਰੀਖ਼ਾਂ ਅਨੁਸਾਰ ਲਿਸਟ ਵਿਚ ਰੱਖੇ ਜਾਂਦੇ ਹਨ ਜਾਂ ਲੱਗਭਗ ਦੋ ਹਫ਼ਤਿਆਂ ਦੀ ਪਹਿਲਾਂ ਦੱਸੀ ਲਿਸਟ ਵਿਚ ਰੱਖੇ ਜਾਂਦੇ ਹਨ, ਅਤੇ ਸਭ ਧਿਰਾਂ ਨੂੰ ਸੁਣਵਾਈ ਦੀ ਤਾਰੀਖ਼ ਤੋਂ ਪਹਿਲਾਂ ਦੀ ਸ਼ਾਮ ਨੂੰ ਦੱਸ ਦਿੱਤਾ ਜਾਂਦਾ ਹੈ।

ਜੇ ਦੋਹਾਂ ਵਿਚੋਂ ਕਿਸੇ ਧਿਰ ਦੇ ਨਾਲ ਸੰਪਰਕ ਨਾ ਹੋ ਸਕੇ, ਤਾਂ ਕੇਸ ਕਿਸੇ ਅਗਲੀ ਤਾਰੀਖ਼ ਤਕ ਮੁਲਤਵੀ ਕਰ ਦਿੱਤਾ ਜਾਂਦਾ ਹੈ। ਜੇ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਮੁਲਜ਼ਿਮ ਆਪਣਾ ਕਸੂਰ ਮੰਨ ਲਏ ਤਾਂ ਗਵਾਹਾਂ ਨੂੰ ਦੱਸ ਦਿੱਤਾ ਜਾਂਦਾ ਹੈ ਕਿ ਉਹਨਾਂ ਨੂੰ ਪੇਸ਼ ਹੋਣ ਦੀ ਕੋਈ ਲੋੜ ਨਹੀਂ।

### ਗਵਾਹਾਂ ਦਾ ਕੰਮ ਕੀ ਹੁੰਦਾ ਹੈ?

ਘਰੇਲੂ ਹਿੰਸਾ ਜਿਸ ਢੰਗ ਨਾਲ ਵਾਪਰਦੀ ਹੈ, ਉਹਦੇ ਕਾਰਨ ਜੁਰਮ ਦੀ ਗਵਾਹ ਅਕਸਰ ਜੁਰਮ ਦਾ ਨਿਸ਼ਾਨਾ ਬਣਨ ਵਾਲ/ਵਾਲੀ ਹੀ ਹੁੰਦੀ ਹੈ, ਅਤੇ ਇਸ ਕਰਕੇ ਉਹੀ ਮੁੱਖ ਗਵਾਹ ਹੁੰਦਾ/ਹੁੰਦੀ ਹੈ। ਇਸ ਹਾਲਤ ਤੋਂ ਤਦ ਬਚਿਆ ਜਾ ਸਕਦਾ ਹੈ ਜੇ ਮੁਲਜ਼ਿਮ ਆਪਣਾ ਕਸੂਰ ਮੰਨ ਲਏ ਜਾਂ ਹੋਰ ਥਾਂਵਾਂ ਤੋਂ ਕੇਸ ਦੇ ਹੱਕ ਵਿਚ ਤਕੜਾ ਸਬੂਤ ਆ ਜਾਏ, ਜਿਵੇਂ ਗੁਆਂਢੀਆਂ, ਪੁਲਿਸ, ਜਾਂ ਮੈਡੀਕਲ ਸਟਾਫ਼ ਵਲੋਂ ਜੋ ਅਦਾਲਤ ਦੇ ਸਾਹਮਣੇ ਪੇਸ਼ ਕੀਤਾ ਜਾ ਸਕਦਾ ਹੈ। ਪਰ ਸਭ ਤੋਂ ਵਧੀਆ ਸਬੂਤ ਗਵਾਹ ਵਲੋਂ ਖ਼ੁਦ ਆ ਕੇ ਪੇਸ਼ ਕੀਤਾ ਜਾਂਦਾ ਹੈ।

ਕ੍ਰਿਮੀਨਲ ਜਸਟਿਸ ਐਕਟ 2003 ਦੇ ਸੈਕਸ਼ਨ 116 ਦੇ ਅਨੁਸਾਰ, ਕੋਈ ਗਵਾਹ ਖ਼ੁਦ ਆਉਣ ਦੀ ਬਜਾਇ ਲਿਖਤੀ ਹਲਫ਼ੀਆ ਬਿਆਨ ਰਾਹੀਂ ਗਵਾਹੀ ਦੇ ਸਕਦਾ/ਸਕਦੀ ਹੈ। ਖ਼ਾਸ ਹਾਲਤਾਂ ਵਿਚ ਇਸ ਸੈਕਸ਼ਨ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਵੇਂ ਕਿ ਜੇ ਗਵਾਹ ਡਰਾ ਧਮਕਾ ਕੇ ਦੂਰ ਰੋਕਿਆ ਜਾ ਰਿਹਾ ਹੋਵੇ ਜਾਂ ਆਪਣੀ 'ਸਰੀਰਕ ਜਾਂ ਮਾਨਸਿਕ ਹਾਲਤ ਕਾਰਣ' ਉਹ ਜ਼ਬਾਨੀ ਗਵਾਹੀ ਨਾ ਦੇ ਸਕੇ। ਅਦਾਲਤ ਨੂੰ ਇਹ ਵੀ ਵਿਚਾਰ ਕਰਨਾ ਪੈਂਦਾ ਹੈ ਕਿ ਕੀ ਗਵਾਹ ਨੂੰ ਖ਼ੁਦ ਬੁਲਾਉਣ ਦੀ ਬਜਾਇ ਉਹਦਾ ਬਿਆਨ ਲੈਣਾ ਇਨਸਾਫ਼ ਦੇ ਹਿਤ ਵਿਚ ਹੋਏਗਾ।

ਥੋੜੀਆਂ ਖ਼ਾਸ ਹਾਲਤਾਂ ਵਿਚ, ਡਰ ਕਾਰਣ ਜ਼ਬਾਨੀ ਗਵਾਹੀ ਨਾ ਦੇਣ ਵਾਲੇ/ਵਾਲੀ ਦਾ ਬਿਆਨ ਮੰਨ ਲਿਆ ਜਾਂਦਾ ਹੈ। ਅਦਾਲਤ ਕ੍ਰਿਮੀਨਲ ਜਸਟਿਸ 2003 ਐਕਟ ਦੇ ਸੈਕਸ਼ਨ 114-116 ਦੇ ਅਨੁਸਾਰ ਲਿਖਤੀ ਬਿਆਨ ਨੂੰ ਮੰਨ ਸਕਦੀ ਹੈ ਜੋ ਇਨਸਾਫ਼ ਦੇ ਹਿਤ ਵਿਚ ਹੋਵੇ, ਅਤੇ ਅਜਿਹਾ ਕਰਨ ਤੋਂ ਪਹਿਲਾਂ ਉਹ ਇਹਨਾਂ ਗੱਲਾਂ ਬਾਰੇ ਵਿਚਾਰ ਕਰੇਗੀ:

- ਇਸ ਵਿਚ ਸ਼ਾਮਿਲ ਗੱਲਾਂ; ਜਾਂ

- ਕੋਈ ਅਨਿਆਂ-ਪੂਰਣ ਜਾਂ ਕੋਈ ਹੋਰ ਗੱਲ ਜਿਵੇਂ ਕਿ ਬਿਆਨ ਦੇਣ ਵਾਲੇ/ਵਾਲੀ ਨਾਲ ਜਿਰਹ ਨਾ ਹੋ ਸਕਣਾ; ਜਾਂ
- ਕੀ ਖ਼ਾਸ ਪ੍ਰਬੰਧਾਂ (ਸਪੈਸ਼ਲ ਮਈਯਰਜ਼) ਦੀ ਹਿਦਾਇਤ ਕੀਤੀ ਜਾ ਸਕਦੀ ਸੀ; ਜਾਂ
- ਹੋਰ ਕੋਈ ਸੰਬੰਧਤ ਹਾਲਾਤ।

ਅਦਾਲਤਾਂ ਆਮ ਤੌਰ 'ਤੇ ਅਜਿਹੀਆਂ ਅਰਜ਼ੀਆਂ ਮੰਨਣੋਂ ਕਤਰਾਉਂਦੀਆਂ ਹਨ ਕਿਉਂਕਿ ਮੁਜਰਿਮ ਦੇ ਵਕੀਲ ਨੂੰ ਪੀੜਿਤ ਵਿਅਕਤੀ ਨਾਲ ਜਿਰਹ ਕਰਨ ਦਾ ਮੌਕਾ ਨਹੀਂ ਮਿਲਦਾ। ਅਜਿਹੀ ਅਰਜ਼ੀ ਮਨਜ਼ੂਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਪਰ ਯੂਰਪੀਅਨ ਕੋਰਟ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸਭ ਤੋਂ ਵੱਧ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕੀ ਸਮੁੱਚਾ ਮੁਕੱਦਮਾ ਨਿਆਂ-ਪੂਰਣ ਹੈ।

ਯੂਥ ਜਸਟਿਸ ਐਂਡ ਕ੍ਰਿਮੀਨਲ ਐਵੀਡੈਂਸ ਐਕਟ 1999 ਦੇ ਲਾਗੂ ਹੋਣ ਮਗਰੋਂ, ਜੁਲਾਈ 2002 ਤੋਂ ਨਵੇਂ ਪ੍ਰਬੰਧ ਸ਼ੁਰੂ ਕੀਤੇ ਗਏ ਹਨ, ਜੋ ਸਭ 'ਪੀੜਿਤ ਲੋਕਾਂ' 'ਤੇ ਲਾਗੂ ਕੀਤੇ ਜਾ ਸਕਦੇ ਹਨ। ਇਹਨਾਂ ਦੇ ਅਨੁਸਾਰ ਪੁਲਿਸ ਲਈ ਜ਼ਰੂਰੀ ਹੈ ਕਿ ਉਹ ਸ਼ੁਰੂ ਵਿਚ ਹੀ ਅਜਿਹੇ ਗਵਾਹਾਂ ਬਾਰੇ ਪਛਾਣ ਕਰੇ ਜਿਹਨਾਂ ਨੂੰ ਖ਼ਤਰਾ ਹੋ ਸਕਦਾ ਹੈ ਜਾਂ ਡਰਾਇਆ ਧਮਕਾਇਆ ਜਾ ਸਕਦਾ ਹੈ। ਇਹਦੇ ਨਾਲ ਸੀ ਪੀ ਐੱਸ ਨੂੰ ਪੀੜਤਾਂ ਦੀ ਹਾਲਤ ਬਾਰੇ ਵਿਚਾਰ ਕਰਨ ਦਾ ਅਤੇ ਇਹ ਫ਼ੈਸਲਾ ਕਰਨ ਦਾ ਮੌਕਾ ਮਿਲ ਜਾਂਦਾ ਹੈ ਕਿ ਅਦਾਲਤ ਕੋਲ ਕਿਹੜੀ ਅਰਜ਼ੀ ਦੇਣੀ ਹੈ, ਅਤੇ ਪੀੜਿਤਾਂ ਲਈ ਕੋਈ ਖ਼ਾਸ ਪ੍ਰਬੰਧ ਕਰਨੇ ਹਨ। ਖ਼ਾਸ ਪ੍ਰਬੰਧਾਂ ਵਿਚ ਇਹ ਸ਼ਾਮਿਲ ਹੋ ਸਕਦੇ ਹਨ: ਉਡੀਕ ਕਰਨ ਲਈ ਵੱਖ ਵੱਖ ਥਾਵਾਂ, ਪਰਦੇ ਦੇ ਪਿੱਛਿਓਂ ਜਾਂ ਟੀ ਵੀ/ਵਿਡੀਓ ਲਿੰਕ ਰਾਹੀਂ ਗਵਾਹੀ ਦੇਣਾ; ਜਾਂ ਪਬਲਿਕ ਗੈਲਰੀ ਵਿਚੋਂ ਲੋਕਾਂ ਨੂੰ ਬਾਹਰ ਭੇਜ ਦੇਣਾ। ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਜਿਹਨਾਂ ਖ਼ਾਸ ਪ੍ਰਬੰਧਾਂ ਲਈ ਅਰਜ਼ੀ ਦਿੱਤੀ ਜਾਂਦੀ ਹੈ ਅਤੇ/ਜਾਂ ਕੀਤੇ ਜਾਂਦੇ ਹਨ ਉਹ ਸੰਬੰਧਤ ਗਵਾਹ ਅਤੇ ਕੇਸ ਦੀ ਕਿਸਮ ਅਨੁਸਾਰ ਵੱਖ ਵੱਖ ਹੋ ਸਕਦੇ ਹਨ। ਇਹਨਾਂ ਪ੍ਰਬੰਧਾਂ ਦਾ ਖ਼ੁਲਾਸਾ ਅੰਤਿਕਾ ਬੀ ਵਿਚ ਦਿੱਤਾ ਗਿਆ ਹੈ।

## ਜੇ ਅਦਾਲਤ ਦੋਸ਼ੀ ਨੂੰ ਕਸੂਰਵਾਰ ਕਰਾਰ ਦੇਵੇ, ਤਦ ਕੀ ਹੁੰਦਾ ਹੈ?

7 ਦਸੰਬਰ 2006 ਨੂੰ ਸੈਂਟੈਂਸਿੰਗ ਗਾਈਡਲਾਈਨਜ਼ ਕਾਉਂਸਿਲ (ਸਜ਼ਾ ਦੇਣ ਬਾਰੇ ਹਿਦਾਇਤਾਂ ਕਰਨ ਵਾਲੀ ਕਾਉਂਸਿਲ) ਨੇ ਸਪਸ਼ਟ ਹਿਦਾਇਤਾਂ ਦੇਣ ਲਈ *Overarching Principles: Domestic Violence*[16] ਅਤੇ *Breach of a Protective Order*[17] ਪ੍ਰਕਾਸ਼ਿਤ ਕੀਤੇ।

ਕਿਸੇ ਮੁਲਜ਼ਿਮ ਨੂੰ ਕਸੂਰਵਾਰ ਕਰਾਰ ਦੇਣ ਲਈ, ਮੈਜਿਸਟ੍ਰੇਟ ਜਾਂ ਜੱਜ ਨੂੰ ਉਹਦੇ ਕਸੂਰ ਬਾਰੇ "ਕਿਸੇ ਜਾਇਜ਼ ਸ਼ੱਕ ਤੋਂ ਬਿਨਾਂ" ਯਕੀਨ ਹੋਣਾ ਜ਼ਰੂਰੀ ਹੈ, ਸਿਵਿਲ ਕੇਸਾਂ ਵਾਂਗ "ਸੰਭਾਵਨਾਵਾਂ ਦੇ ਸੰਤੁਲਨ" ਦੇ ਆਧਾਰ 'ਤੇ ਨਹੀਂ। ਜੇ ਉਹਨਾਂ ਨੂੰ ਪੱਕਾ ਯਕੀਨ ਨਾ ਹੋਵੇ, ਤਾਂ ਮੁਲਜ਼ਿਮ ਨੂੰ ਬਰੀ ਕਰਨ ਤੋਂ ਬਿਨਾਂ ਇਹਦੇ ਸਾਹਮਣੇ ਹੋਰ ਕੋਈ ਚਾਰਾ ਨਹੀਂ ਹੁੰਦਾ।

ਜੇ ਮੁਲਜ਼ਿਮ ਆਪਣਾ ਦੋਸ਼ ਮੰਨ ਲਏ, ਜਾਂ ਮੁਕੱਦਮੇ ਮਗਰੋਂ ਉਹ ਲਾਏ ਗਏ ਦੋਸ਼ਾਂ ਦਾ ਕਸੂਰਵਾਰ ਸਾਬਤ ਹੋ ਜਾਏ, ਤਾਂ ਮਿਲ ਸਕਣ ਵਾਲੀਆਂ ਸਜ਼ਾਵਾਂ ਕਈ ਕਿਸਮ ਦੀਆਂ ਹੋ ਸਕਦੀਆਂ ਹਨ। ਸਜ਼ਾਵਾਂ ਦਾ ਮੰਤਵ ਆਉਣ ਵਾਲੇ ਸਮੇਂ ਵਿਚ ਮੁਜਰਿਮ ਦੇ ਵਤੀਰੇ ਨੂੰ ਸੁਧਾਰਨਾ ਅਤੇ ਮੁੜ ਕਦੇ ਜੁਰਮ ਕਰਨ ਤੋਂ ਡਰਾਉਣਾ ਹੁੰਦਾ ਹੈ। ਇਸਦੇ ਉਲਟ, ਸਿਵਿਲ ਕੇਸਾਂ ਵਿਚ ਬਿਨੈਕਾਰ ਨੂੰ ਉਸੇ ਵੇਲੇ ਹਿਫ਼ਾਜ਼ਤ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਮੈਜਿਸਟ੍ਰੇਟ ਕਈ ਕਿਸਮ ਦੇ ਫ਼ੈਸਲਿਆਂ ਵਿਚੋਂ ਕੋਈ ਚੁਣ ਸਕਦੇ ਹਨ, ਪੂਰੀ ਤਰ੍ਹਾਂ ਜਾਂ ਸ਼ਰਤਾਂ ਲਾ ਕੇ ਬਰੀ ਕਰਨ ਤੋਂ ਲੈ ਕੇ ਜੁਰਮਾਨੇ, ਕਮਿਊਨਿਟੀ ਲਈ ਕੰਮ ਕਰਨ ਅਤੇ ਜੇਲ੍ਹ ਭੇਜਣ ਤਕ। ਕੈਦ ਦੀ ਸਜ਼ਾ ਇਕਦਮ ਦਿੱਤੀ ਜਾ ਸਕਦੀ ਹੈ ਜਾਂ ਕਿਸੇ ਬਾਅਦ ਵਾਲੀ ਤਾਰੀਖ਼ ਤਕ ਮੁਲਤਵੀ ਕੀਤੀ ਜਾ ਸਕਦੀ ਹੈ, ਇਹ ਦੇਖਣ ਲਈ ਕਿ ਕੀ ਦੋਸ਼ੀ ਵਿਅਕਤੀ ਅਦਾਲਤ ਵਲੋਂ ਲਾਈ ਕਿਸੇ ਸ਼ਰਤ ਜਾਂ ਸ਼ਰਤਾਂ ਦਾ ਪਾਲਣ ਕਰਦਾ/ਕਰਦੀ ਹੈ। ਇਹਨਾਂ ਫ਼ੈਸਲਿਆਂ ਦੇ ਨਾਲ ਨਾਲ ਮੈਜਿਸਟ੍ਰੇਟ ਇਕ ਵਾਧੂ

[16] http://www.sentencing-guidelines.gov.uk/docs/domestic_violence.pdf
[17] http://www.sentencing-guidelines.gov.uk/breach _of_protective_order.pdf

ਹੁਕਮ ਦੇ ਕੇ ਦੋਸ਼ੀ ਨੂੰ ਇਹ ਵੀ ਆਖ ਸਕਦੇ ਹਨ ਕਿ ਉਹ ਪੀੜਿਤ ਨੂੰ ਮੁਆਵਜ਼ਾ ਦੇਵੇ (ਆਪਣੀ ਮਾਲੀ ਹਾਲਤ ਦੇ ਅਨੁਸਾਰ)।

ਕਮਿਉਨਿਟੀ ਵਿਚ ਦਿੱਤੀ ਜਾਣ ਵਾਲੀ ਸਜ਼ਾ ਇਹਨਾਂ ਵਿਚੋਂ ਇਕ ਜਾਂ ਵੱਧ ਕੰਮ ਸ਼ਾਮਿਲ ਹੋ ਸਕਦੇ ਹਨ:

- ਬਿਨਾਂ ਪੈਸੇ ਲਿਆਂ ਕੰਮ ਕਰਨ ਦਾ ਹੁਕਮ;
- ਕੋਈ ਕੰਮ ਕਰਨ ਦਾ ਹੁਕਮ;
- ਕਿਸੇ ਪ੍ਰੋਗਰਾਮ ਵਿਚ ਜਾਣ ਦਾ ਹੁਕਮ (ਜਿਵੇਂ ਕਿ ਉਸ ਮੁਜਿਰਮਾਨਾ ਵਤੀਰੇ ਨੂੰ ਠੀਕ ਕਰਨ ਲਈ ਜਿਹਦੇ ਕਰਕੇ ਘਰੇਲੂ ਹਿੰਸਾ ਹੋਈ);
- ਕਿਸੇ ਕੰਮ ਦੀ ਮਨਾਹੀ ਦਾ ਹੁਕਮ;
- ਕਰਫ਼ਿਊ (ਕਿਸੇ ਥਾਂ ਤੋਂ ਬਾਹਰ ਨਾ ਜਾਣ ਦਾ) ਹੁਕਮ;
- ਬਾਹਰ ਰਹਿਣ ਦੀ ਲਾਜ਼ਮੀ ਸ਼ਰਤ
- ਕਿਸੇ ਖ਼ਾਸ ਥਾਂ ਰਹਿਣ ਦਾ ਹੁਕਮ;
- ਮਾਨਸਿਕ ਇਲਾਜ ਲਈ ਜਾਣ ਦਾ ਹੁਕਮ;
- ਨਸ਼ਿਆਂ ਦੇ ਅਮਲ ਇਲਾਜ ਕਰਵਾਉਣ ਦਾ ਹੁਕਮ;
- ਸ਼ਰਾਬ ਦੀ ਵਰਤੋਂ ਦੀ ਆਦਤ ਹਟਾਉਣ ਲਈ ਇਲਾਜ ਕਰਵਾਉਣ ਦਾ ਹੁਕਮ;
- ਨਿਗਰਾਨੀ ਕੀਤੇ ਜਾਣ ਦਾ ਹੁਕਮ;
- ਕਿਸੇ ਸੈਂਟਰ ਵਿਚ ਹਾਜ਼ਿਰ ਹੋਣ ਦਾ ਹੁਕਮ (ਜੇ ਦੋਸ਼ੀ ਦੀ ਉਮਰ 25 ਸਾਲ ਤੋਂ ਘੱਟ ਹੈ)।

## ਘਰੇਲੂ ਹਿੰਸਾ ਕਰਨ ਵਾਲਿਆਂ ਲਈ ਪ੍ਰੋਗਰਾਮ

ਇੰਗਲੈਂਡ ਅਤੇ ਵੇਲਜ਼ ਵਿਚ ਪ੍ਰੋਬੇਸ਼ਨ ਸਰਵਿਸ ਦੇ ਹਰ ਇਲਾਕੇ ਵਿਚ ਘਰੇਲੂ ਹਿੰਸਾ ਕਰਨ ਦੇ ਦੋਸ਼ੀਆਂ ਲਈ ਇਕ ਮਨਜ਼ੂਰ-ਸ਼ੁਦਾ ਪ੍ਰੋਗਰਾਮ ਚਲਦਾ ਹੈ। ਇਹ ਪ੍ਰੋਗਰਾਮ ਨਜ਼ਦੀਕੀ ਔਰਤ ਸਾਥਣਾਂ ਨਾਲ ਬਦਸਲੂਕੀ ਕਰਨ ਦੀ ਸਜ਼ਾ ਭੁਗਤ ਚੁੱਕੇ ਬਾਲਿਗ਼ ਮਰਦਾਂ ਲਈ ਹਨ, ਪਰ ਇਸ ਕਿਸਮ ਦੇ ਸਭ ਦੋਸ਼ੀ ਕਈ ਕਾਰਣਾਂ ਕਰਕੇ ਅਜਿਹੇ ਪ੍ਰੋਗਰਾਮਾਂ ਵਿਚ ਆਉਣ ਦੇ ਯੋਗ ਨਹੀਂ ਹੁੰਦੇ। ਇਹਨਾਂ ਪ੍ਰੋਗਰਾਮਾਂ ਦੇ ਢਾਂਚੇ ਵਿਚ ਇਹ ਕੰਮ ਸ਼ਾਮਿਲ ਹਨ:

- ਕਈ ਏਜੰਸੀਆਂ ਕੋਲੋਂ ਖ਼ਤਰੇ ਦਾ ਹਿਸਾਬ ਲਗਵਾਉਣਾ, ਅਤੇ ਖ਼ਤਰਿਆਂ ’ਤੇ ਕਾਬੂ ਰੱਖਣਾ, ਅਤੇ ਇਹਦੇ ਲਈ ਪੁਲਿਸ ਅਤੇ ਸੰਬੰਧਤ ਏਜੰਸੀਆਂ ਵਿਚਕਾਰ ਜਾਣਕਾਰੀ ਦੀ ਅਦਲਾ ਬਦਲੀ ਦੇ ਨਿਯਮ ਨਿਸ਼ਚਿਤ ਕਰਨਾ।
- ਇਹਨਾਂ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਚੁਣੇ ਗਏ ਲੋਕਾਂ ਦਾ ਸ਼ਿਕਾਰ ਬਣਨ ਵਾਲੇ ਜਿਹਨਾਂ ਲੋਕਾਂ ਬਾਰੇ ਪਤਾ ਹੈ ਉਹਨਾਂ ਨਾਲ ਅਤੇ ਉਹਨਾਂ ਦੇ ਨਵੇਂ ਸਾਥੀਆਂ/ਸਾਥਣਾਂ ਨਾਲ ਸੰਪਰਕ ਕਰਕੇ ਇਹ ਯਕੀਨੀ ਬਣਾਉਣਾ ਕਿ ਉਹ ਜਾਇਜ਼ ਆਸਾਂ ਰੱਖਣ, ਸੁਰੱਖਿਆ ਦੀ ਸਹੀ ਕਿਸਮ ਦੀ ਯੋਜਨਾਬੰਦੀ ਨੂੰ ਉਤਸ਼ਾਹ ਦੇਣਾ, ਪ੍ਰੋਗਰਾਮ ਬਾਰੇ ਜਾਣਕਾਰੀ ਦੇਣਾ ਅਤੇ ਪ੍ਰੋਗਰਾਮ ਦੇ ਮੁਲਾਂਕਣ ਵਿਚ ਹਿੱਸਾ ਲੈਣ ਲਈ ਸੱਦਣਾ।
- ਦੋਸ਼ੀ ਦੀ ਨਿਗਰਾਨੀ ਕਰਨ ਵਾਲੇ ਮੈਨੇਜਰ ਵਲੋਂ ਦੋਸ਼ੀ ਨੂੰ ਕਾਬੂ ਵਿਚ ਰੱਖਣ ਵਾਲੇ ਕੰਮ ਦੀ ਸ਼ੁਰੂਆਤ ਕਰਨਾ, ਅਤੇ ਦੋਸ਼ੀ ਦੇ ਗ਼ੈਰ-ਹਾਜ਼ਿਰ ਰਹਿਣ ਬਾਰੇ ਅਦਾਲਤ ਨੂੰ ਤੁਰੰਤ ਸੂਚਨਾ ਦੇਣਾ, ਪੁਲਿਸ ਅਤੇ ਵਿਮੈੱਨਜ਼ ਸੇਫ਼ਟੀ ਵਰਕਰ ਨਾਲ ਬਾਕਾਇਦਾ ਸੰਪਰਕ ਰੱਖਣਾ, ਖ਼ਾਸ ਤੌਰ ’ਤੇ ਤਿਆਰ ਕੀਤੇ ਕੁਝ ਨਿਜੀ ਸੈਸ਼ਨ ਲਾਉਣਾ।
- ਦੋਸ਼ੀ ਨਾਲ ਗਰੁਪਾਂ ਵਿਚ ਕੰਮ ਕਰਨ ਦੇ ਸੈਸ਼ਨ।

2006/07 ਦੇ ਸ਼ੁਰੂ ਵਿਚ, ਕ੍ਰਿਮੀਨਲ ਜਸਟਿਸ ਸਿਸਟਮ ਦੇ ਅੰਦਰ ਘਰੇਲੂ ਹਿੰਸਾ ਕਰਨ ਵਾਲਿਆਂ ਲਈ ਸਭ ਪ੍ਰਵਾਨਤ ਪ੍ਰੋਗਰਾਮ ਕੁਰੈਕਸ਼ਨਲ ਸਰਵਿਸਿਜ਼ ਅਕ੍ਰੈਡਿਟੇਸ਼ਨ ਪੈਨਲ (ਸੀ ਐੱਸ ਏ ਪੀ) ਦੇ ਕੁਆਇਲਟੀ ਮਿਆਰਾਂ 'ਤੇ ਪਹਿਲੀ ਹੀ ਵਾਰ ਪੂਰਾ ਉਤਰੇ, ਨੈਸ਼ਨਲ ਔਫ਼ੈਂਡਰ ਮੈਨੇਜਮੈਂਟ ਸਰਵਿਸ (ਐਨ ਓ ਐਮ ਐੱਸ) ਨੇ ਪ੍ਰੋਗਰਾਮਾਂ ਨੂੰ ਪੂਰੇ ਕਰਨ ਦੇ ਨਿਸ਼ਾਨੇ ਮਿੱਥੇ।

## ਸਪੈਸ਼ਲਿਸਟ ਡੋਮੈਸਟਿਕ ਵਾਇਓਲੈਂਸ ਕੋਰਟਸ (ਘਰੇਲੂ ਹਿੰਸਾ ਦੇ ਮੁਕੱਦਮਿਆਂ ਦੀ ਸੁਣਵਾਈ ਲਈ ਖ਼ਾਸ ਅਦਾਲਤਾਂ)

ਜਦ ਘਰੇਲੂ ਹਿੰਸਾ ਦੇ ਮੁਕੱਦਮਿਆਂ ਦੀ ਸੁਣਵਾਈ ਕਰਨ ਵਾਲੀਆਂ ਖ਼ਾਸ ਅਦਾਲਤਾਂ (ਸਪੈਸ਼ਲਿਸਟ ਡੀ ਵੀ ਕੋਰਟਾਂ ਜਾਂ ਐੱਸ ਡੀ ਵੀ ਸੀ) ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਅਦਾਲਤ ਦੀ ਬਿਲਡਿੰਗ ਅਧਿਕਾਰ ਖੇਤਰ ਦੀ ਗੱਲ ਨਹੀਂ ਹੁੰਦੀ, ਸਗੋਂ ਮੈਜਿਸਟ੍ਰੇਟ ਕੋਰਟਾਂ ਵਿਚ ਘਰੇਲੂ ਹਿੰਸਾ ਦੇ ਕੇਸਾਂ ਨੂੰ ਨਿਪਟਾਉਣ ਦੇ ਖ਼ਾਸ ਢੰਗ ਦੀ ਗੱਲ ਹੁੰਦੀ ਹੈ। ਆਮ ਤੌਰ 'ਤੇ ਇਹ ਖ਼ਾਸ ਅਦਾਲਤਾਂ ਇਹਨਾਂ ਵਿਚੋਂ ਕਿਸੇ ਇਕ ਢੰਗ ਨਾਲ ਕੰਮ ਕਰਦੀਆਂ ਹਨ:

- ਕੇਸ ਇਕੱਠੇ ਕਰਨਾ: ਘਰੇਲੂ ਹਿੰਸਾ ਦੇ ਸਾਰੇ ਕੇਸਾਂ ਦੇ ਕਈ ਪਹਿਲੂਆਂ - ਜਿਵੇਂ ਜ਼ਮਾਨਤ, ਦਲੀਲ ਦੇਣ, ਮੁਕੱਦਮੇ ਤੋਂ ਪਹਿਲਾਂ ਵਿਚਾਰ ਕਰਨ, ਸਜ਼ਾ ਦੇਣ ਤੋਂ ਪਹਿਲਾਂ ਰਿਪੋਰਟਾਂ, ਅਤੇ ਸਜ਼ਾ ਸੁਣਾਉਣ - ਨਾਲ ਨਿਪਟਣ ਲਈ ਇਹਨਾਂ ਨੂੰ ਅਦਾਲਤ ਦੇ ਕਿਸੇ ਇਕ ਸੈਸ਼ਨ ਵਿਚ ਲਿਆਂਦਾ ਜਾਂਦਾ ਹੈ। ਇਹੋ ਜਿਹੀਆਂ ਕੁਝ ਖ਼ਾਸ ਅਦਾਲਤਾਂ ਘਰੇਲੂ ਹਿੰਸਾ ਦੇ ਕੇਸਾਂ ਨੂੰ ਇਸ ਕੰਮ ਲਈ ਰੱਖੇ ਖ਼ਾਸ ਸੈਸ਼ਨਾਂ ਵਿਚ ਸੁਣਦੀਆਂ ਹਨ; ਜਾਂ
- ਕੰਮ ਤੇਜ਼ੀ ਨਾਲ ਨਿਪਟਾਉਣਾ: ਘਰੇਲੂ ਹਿੰਸਾ ਦੇ ਕੇਸਾਂ ਨੂੰ ਪਹਿਲ ਦੇਣ ਲਈ ਇਹਨਾਂ ਨੂੰ ਅਦਾਲਤ ਦੀ ਖ਼ਾਸ ਲਿਸਟ ਵਿਚ ਰੱਖਿਆ ਜਾਂਦਾ ਹੈ, ਜਿਵੇਂ ਕਿ ਅਦਾਲਤ ਦੇ ਸਮੇਂ ਦੀਆਂ 1 ਤੋਂ 4 ਤਕ ਸਲੌਟਾਂ ਖ਼ਾਸ ਤੌਰ 'ਤੇ ਘਰੇਲੂ ਹਿੰਸਾ ਦੇ ਕੇਸਾਂ ਬਾਰੇ ਹੋਰ ਸੁਣਵਾਈ/ਮੁਕੱਦਮੇ ਲਈ ਰਾਖਵੀਆਂ ਕੀਤੀਆਂ ਜਾਂਦੀਆਂ ਹਨ।

ਪਰ, ਇਹ ਖ਼ਿਆਲ ਰੱਖਣਾ ਜ਼ਰੂਰੀ ਹੈ ਕਿ ਇਹ ਖ਼ਾਸ ਅਦਾਲਤਾਂ ਸਥਾਨਕ ਸਰਕਾਰੀ ਅਤੇ ਵਾਲੰਟਰੀ ਏਜੰਸੀਆਂ ਦੇ ਕੰਮ ਦਾ ਸਿਖਰ ਹਨ, ਇਹਨਾਂ ਵਿਚੋਂ ਖ਼ਾਸ ਸਫਲਤਾ ਹੈ ਘਰੇਲੂ ਹਿੰਸਾ ਬਾਰੇ ਮਦਦ ਦੇਣ ਲਈ ਸਲਾਹਕਾਰ (ਆਈ ਡੀ ਵੀ ਏ), ਅਤੇ ਐਡਵੋਕੇਸੀ (ਪੱਖ ਪੇਸ਼ ਕਰਨ ਵਾਲੀਆਂ) ਸੇਵਾਵਾਂ, ਖ਼ਾਸ ਅਦਾਲਤਾਂ ਦੀ ਮਦਦ ਕਰਨ ਵਾਲੇ ਹੋਰ ਸਾਂਝੀਦਾਰ ਵੀ, ਜਿਵੇਂ ਪੁਲਿਸ, ਸੋਸ਼ਲ ਸਰਵਿਸ, ਹਾਊਜ਼ਿੰਗ, ਸੀ ਪੀ ਐੱਸ, ਪ੍ਰੋਬੇਸ਼ਨ ਸਰਵਿਸ, ਪ੍ਰਾਇਮਰੀ ਕੇਅਰ ਟ੍ਰਸਟ, ਐਕਸੀਡੈਂਟ ਐਂਡ ਐਮਰਜੈਂਸੀ, ਜੀ ਪੀ, ਖ਼ਾਸ ਮਾਹਿਰ ਸਟਾਫ਼ ਦੀ ਮੌਜੂਦਗੀ ਦੀ ਸਿਫ਼ਾਰਿਸ਼ ਵੀ ਕੀਤੀ ਜਾਂਦੀ ਹੈ।

ਪਹਿਲੀਆਂ 7 ਖ਼ਾਸ ਅਦਾਲਤਾਂ, ਵੈਸਟ ਲੰਡਨ, ਕਾਰਡਿਫ਼, ਡਰਬੀ, ਵੁਲਵਰਹੈਂਪਟਨ, ਕੇਅਰਫ਼ਿਲੀ, ਕ੍ਰੋਇਡਨ, ਲੀਡਜ਼ ਦਾ ਸੁਤੰਤਰ ਮੁਲਾਂਕਣ[18] ਹੋ ਚੁੱਕਿਆ ਹੈ। ਇਹਨਾਂ ਦੇ ਕੁਝ ਫ਼ਾਇਦੇ ਇਹ ਹਨ:

- ਅਦਾਲਤ ਦੇ ਕੰਮ ਅਤੇ ਪੀੜਿਤਾਂ ਨੂੰ ਮਿਲਣ ਵਾਲੀ ਮਦਦ ਵਿਚ ਸੁਧਾਰ;
- ਜਾਣਕਾਰੀ ਵੱਧ ਚੰਗੀ ਤਰ੍ਹਾਂ ਸਾਂਝੀ ਹੋਣਾ;
- ਲੋਕਾਂ ਦੇ ਵਿਸ਼ਵਾਸ ਵਿਚ ਵਾਧਾ ਅਤੇ ਪੀੜਿਤਾਂ ਵਲੋਂ ਵੱਧ ਹਿੱਸਾ ਲਿਆ ਜਾਣਾ;
- ਸਾਰੇ ਕੰਮ ਦਾ ਧੁਰਾ ਪੀੜਿਤ ਵਿਅਕਤੀ ਨੂੰ ਬਣਾਉਣਾ।

ਸੀ ਪੀ ਐੱਸ ਵਲੋਂ ਦਸੰਬਰ 2005 ਵਿਚ ਇਕੱਠੀ ਕੀਤੀ ਸੰਖੇਪ ਜਾਣਕਾਰੀ ਤੋਂ ਵੀ ਪਤਾ ਲਗਦਾ ਹੈ ਕਿ ਇਹਨਾਂ ਖ਼ਾਸ ਅਦਾਲਤਾਂ ਵਿਚ ਮੁਕੱਦਮੇ ਦੀ ਸਫਲਤਾ ਦੀ ਦਰ 71% ਸੀ ਜਦਕਿ ਦੇਸ਼ ਦੀ ਔਸਤ ਦਰ 59% ਸੀ। ਮੁਲਾਂਕਣ ਦੇ ਇਹਨਾਂ ਸਫਲ ਨਤੀਜਿਆਂ ਦੇ ਆਧਾਰ 'ਤੇ, ਐਚ ਐਮ ਕੋਰਟਸ ਸਰਵਿਸ, ਹੋਮ ਆਫ਼ਿਸ ਅਤੇ ਸੀ ਪੀ ਐੱਸ ਨੇ ਇਕ ਪ੍ਰੋਗਰਾਮ ਤਿਆਰ ਕੀਤਾ। ਇਹ ਮੁਕਾਂਕਣ ਸਭ ਮੈਜਿਸਟ੍ਰੇਟਸ ਕੋਰਟਾਂ ਅਤੇ ਸਰਕਾਰੀ ਦਫ਼ਤਰਾਂ ਨੂੰ ਭੇਜੇ ਗਏ। ਅਦਾਲਤਾਂ ਅਤੇ

[18] ਰਿਪੋਰਟਾਂ ਇਹਨਾਂ ਵੈੱਬਸਾਈਟਾਂ 'ਤੇ ਹਨ: http://www.cps.gov.uk/publications/docs/specialistdvcourts.pdf
http://www.cps.gov.uk/publications/docs/dvpilotsites0405.pdf; ਅਤੇ
http://www.cps.gov.uk/publications/docs/eval_dv_pilots_04-05.pdf

ਸਥਾਨਕ ਸਾਂਝੀਦਾਰੀਆਂ ਤੋਂ ਉਹਨਾਂ ਦੇ ਖ਼ਾਸ ਅਦਾਲਤਾਂ ਸਥਾਪਿਤ ਕਰਨ ਬਾਰੇ ਵਿਚਾਰ ਮੰਗੇ ਗਏ। ਸਵੈ-ਮੁਲਾਂਕਣ ਅਤੇ ਕਈ ਕੰਮ ਦੇ ਪਾਲਣ ਦੇ ਆਧਾਰ 'ਤੇ ਪਤਾ ਕੀਤਾ ਗਿਆ ਕਿ ਕੋਈ ਇਲਾਕਾ ਇਸ ਕੰਮ ਲਈ ਕਿੰਨਾ ਕੁ 'ਤਿਆਰ' ਸੀ। ਇਹ ਕੰਮ ਇਸ ਖੇਤਰ ਦੇ ਖ਼ਾਸ ਸਾਂਝੀਦਾਰਾਂ ਦੀ ਇਕ ਟਾਸਕ ਫ਼ੋਰਸ ਨੇ ਤਿਆਰ ਕੀਤੇ ਸਨ ਅਤੇ ਇਹਨਾਂ ਨੂੰ ਰਿਸੋਰਸ ਮੈਨੂਅਲ ਵਿਚ ਸ਼ਾਮਿਲ ਕੀਤਾ ਗਿਆ ਸੀ। ਘਰੇਲੂ ਹਿੰਸਾ ਬਾਰੇ ਖ਼ਾਸ ਅਦਾਲਤਾਂ ਦੇ ਪ੍ਰੋਗਰਾਮ ਦੇ ਪਿਛੋਕੜ, ਰਿਸੋਰਸ ਮੈਨੂਅਲ, ਅਤੇ ਡੇਟਾ ਕੁਲੈਕਸ਼ਨ ਟੈਂਪਲੇਟਸ ਬਾਰੇ ਜਾਣਕਾਰੀ ਇਸ ਕ੍ਰਾਈਮ ਰਿਡੱਕਸ਼ਨ ਵੈੱਬਸਾਈਟ 'ਤੇ ਪੜ੍ਹੀ ਜਾ ਸਕਦੀ ਹੈ:

http://www.crimereduction.gov.uk/domesticviolence/domesticviolence59.pdf

ਅਪ੍ਰੈਲ 2007 ਤੋਂ, ਇੰਗਲੈਂਡ ਅਤੇ ਵੇਲਜ਼ ਵਿਚ ਘਰੇਲੂ ਹਿੰਸਾ ਬਾਰੇ ਖ਼ਾਸ ਅਦਾਲਤਾਂ 64 ਥਾਂਵਾਂ 'ਤੇ ਕੰਮ ਕਰਨ ਲਗ ਜਾਣਗੀਆਂ।

## ਇੰਟੈਗਰੇਟਡ ਡੋਮੈਸਟਿਕ ਵਾਇਓਲੈਂਸ ਕੋਰਟਸ (ਘਰੇਲੂ ਹਿੰਸਾ ਦੇ ਮੁਕੱਦਮਿਆਂ ਦੀ ਸੁਣਵਾਈ ਲਈ ਸੰਗਠਿਤ ਅਦਾਲਤਾਂ)

ਇਹ ਕਿਤਾਬਚਾ ਛਪਣ ਵੇਲੇ ਤਕ, ਕ੍ਰਾਇਡਨ ਵਿਚ ਪਹਿਲੀ ਇੰਟੈਗਰੇਟਡ ਡੋਮੈਸਟਿਕ ਵਾਇਓਲੈਂਸ ਕੋਰਟ (ਆਈ ਡੀ ਵੀ ਸੀ) ਸਥਾਪਿਤ ਕਰਨ ਦਾ ਕੰਮ ਅੱਧ ਕੁ ਤਕ ਪਹੁੰਚ ਗਿਆ ਸੀ। ਇਸ ਪਾਇਲਟ (ਆਜ਼ਮਾਇਸ਼ੀ ਕੰਮ) ਦਾ ਮੁਲਾਂਕਣ 2007 ਦੇ ਪਤਝੜ/ ਸਿਆਲ ਵਿਚ ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004 ਦੇ ਅਸਰਾਂ ਦੇ ਮੁਲਾਂਕਣ ਦੇ ਨਾਲ ਕੀਤਾ ਜਾਏਗਾ।

ਆਈ ਡੀ ਵੀ ਸੀ ਅਦਾਲਤ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਜਿਸ ਪਰਿਵਾਰ ਦੇ ਕੇਸ ਵਿਚ ਕ੍ਰਿਮੀਨਲ ਅਤੇ ਪਰਿਵਾਰਕ ਅੰਸ਼ ਦੋਵੇਂ ਹੋਣ, ਉਸ ਕੇਸ ਨੂੰ ਜਿੱਥੋਂ ਤਕ ਹੋ ਸਕੇ ਇਕ ਹੀ ਜੱਜ ਸੁਣੇਗਾ - ਜਿਵੇਂ ਕਿ ਯੂ ਐੱਸ ਏ ਵਿਚ ਹੁੰਦਾ ਹੈ।

ਆਈ ਡੀ ਵੀ ਸੀ ਸ਼ਬਦ ਦੀ ਵਰਤੋਂ ਸੌਖ ਲਈ ਕੀਤੀ ਜਾ ਰਾਹੀ ਹੈ - ਇਹ ਕੇਸ ਮੈਜਿਸਟ੍ਰੇਟਸ ਅਤੇ ਫ਼ੈਮਿਲੀ ਪ੍ਰੋਸੀਡਿੰਗਜ਼ ਕੋਰਟਾਂ ਦੇ ਅਧਿਕਾਰ ਖੇਤਰ ਵਿਚ ਸੁਣੇ ਜਾਣਗੇ - ਕਿਸੇ ਨਵੀਂ ਅਦਾਲਤ ਵਿਚ ਨਹੀਂ।

ਕ੍ਰਾਇਡਨ ਪਾਇਲਟ ਦੇ ਅਸੂਲਾਂ ਅਤੇ ਨਿਸ਼ਾਨਿਆਂ ਵਿਚ ਇਹ ਮੰਨਿਆ ਗਿਆ ਹੈ ਕਿ ਕੋਈ ਵੀ ਕਾਰਵਾਈ ਮੌਜੂਦਾ ਕਾਨੂੰਨਾਂ ਦੇ ਤਹਿਤ ਕੀਤੀ ਜਾਏਗੀ, ਅਤੇ ਹਰ ਕੇਸ ਦੀਆਂ ਵੱਖਰੀਆਂ ਖ਼ਾਸੀਅਤਾਂ ਦੇ ਅਨੁਸਾਰ ਅਦਾਲਤੀ ਫ਼ੈਸਲੇ ਕੀਤੇ ਜਾਣਗੇ।

- ਕਾਨੂੰਨ ਅਤੇ ਇਨਸਾਫ਼ ਦਾ ਧਿਆਨ ਰੱਖਦਿਆਂ ਹੋਇਆਂ, ਜਿੱਥੋਂ ਤਕ ਵੀ ਹੋ ਸਕੇ, ਇਕ ਪਰਿਵਾਰ ਲਈ ਇੱਕ ਹੀ ਜੱਜ;
- ਇੱਕੋ ਜੱਜ ਫ਼ੈਮਿਲੀ ਕੇਸ ਸੁਣਨ ਤੋਂ ਪਹਿਲਾਂ ਜੁਰਮ ਦਾ ਕੇਸ ਸਜ਼ਾ ਦੇਣ ਜਾਂ ਬਰੀ ਕਰਨ ਤਕ ਨਿਪਟਾਏਗਾ।
- ਆਈ ਡੀ ਵੀ ਸੀ ਵਿਚ ਕੇਸ ਦੀ ਸੁਣਵਾਈ ਦੇ ਢੰਗ ਕਾਰਣ ਇਸ ਵਿਚ ਸ਼ਾਮਿਲ ਲੋਕਾਂ ਲਈ ਦੇਰ ਨਹੀਂ ਹੋਣੀ ਚਾਹੀਦੀ;
- ਜਾਣਕਾਰੀ ਸਹੀ ਢੰਗ ਨਾਲ ਸਾਂਝੀ ਕਰਨ ਨਾਲ ਸੁਰੱਖਿਅਤ ਅਤੇ ਅਸਰਦਾਈ ਫ਼ੈਸਲੇ ਦੇਣ ਵਿਚ ਮਦਦ ਮਿਲੇਗੀ।

## ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ 1997 (ਕ੍ਰਿਮੀਨਲ)

ਇਸ ਕਾਨੂੰਨ ਦਾ ਮੁੱਖ ਲਾਭ ਉਹਨਾਂ ਔਰਤਾਂ ਨੂੰ ਹੁੰਦਾ ਹੈ ਜੋ ਆਪਣੇ ਬਦਸਲੂਕੀ ਕਰਨ ਵਾਲੇ ਸਾਥੀਆਂ ਨਾਲ ਨਹੀਂ ਰਹੀਆਂ ਅਤੇ ਨਾ ਹੀ ਉਹਨਾ ਦੇ ਕੋਈ ਬੱਚੇ ਅਜਿਹੇ ਸਾਥੀ ਤੋਂ ਹੋਏ ਹਨ। ਪੀ ਐਚ ਏ 1997 ਤੋਂ ਉਹਨਾਂ ਪੀੜਿਤ ਲੋਕਾਂ ਨੂੰ ਖ਼ਾਸ ਲਾਭ ਮਿਲਦਾ ਹੈ ਜੋ ਫ਼ੈਮਿਲੀ ਲਾਅ ਐਕਟ 1996 ਰਾਹੀਂ ਹਿਫ਼ਾਜ਼ਤ ਨਹੀਂ ਲੈ ਸਕਦੀਆਂ ਕਿਉਂਕਿ ਇਸ ਐਕਟ ਦੇ ਤਹਿਤ ਅਰਜ਼ੀ ਦੇਣ ਲਈ ਉਹ ਸਖ਼ਤ ਸ਼ਰਤਾਂ ਪੂਰੀਆਂ ਨਹੀਂ ਕਰਦੀਆਂ। (ਦੇਖੋ ਅੰਤਿਕਾ ਏ ਅਤੇ ਇਸ ਗਾਈਡ ਦਾ ਪਹਿਲਾ ਹਿੱਸਾ)

ਪੀ ਐਚ ਏ 1997 ਦੇ ਤਹਿਤ ਕ੍ਰਿਮੀਨਲ ਕਾਰਵਾਈ ਰਾਹੀਂ ਮਿਲਣ ਵਾਲੀ ਸਜ਼ਾ ਵਿਚ ਰੋਕ ਲਾਉਣ ਵਾਲਾ ਆਰਡਰ ਵੀ ਸ਼ਾਮਿਲ ਹੋ ਸਕਦਾ ਹੈ। ਇਹ ਆਰਡਰ ਮੁਜਰਿਮ ਨੂੰ ਕਈ ਕਿਸਮ ਦੇ ਕੰਮਾਂ ਤੋਂ ਰੋਕ ਸਕਦਾ ਹੈ, ਪਰ ਮਾਲ ਜਾਇਦਾਦ 'ਤੇ ਹੱਕਾਂ ਬਾਰੇ ਇਹਦੇ ਨਾਲ ਕੋਈ ਆਰਡਰ ਨਹੀਂ ਮਿਲਦਾ।

ਸਿਵਿਲ ਆਰਡਰ ਦੇਣ ਦੇ ਨਾਲ ਨਾਲ (ਜਿਵੇਂ ਪਹਿਲੇ ਹਿੱਸੇ ਵਿਚ ਦੱਸਿਆ ਗਿਆ ਹੈ), ਇਹ ਐਕਟ ਦੋ ਕ੍ਰਿਮੀਨਲ ਜੁਰਮਾਂ ਨਾਲ ਵੀ ਨਿਪਟ ਸਕਦਾ ਹੈ: ਕ੍ਰਿਮੀਨਲ ਢੰਗ ਨਾਲ ਪਰੇਸ਼ਾਨ ਕਰਨਾ (ਸੈਕਸ਼ਨ 2 ਦੇ ਤਹਿਤ) ਅਤੇ ਹਿੰਸਾ ਦਾ ਡਰ ਦੇਣਾ (ਸੈਕਸ਼ਨ 4 ਦੇ ਤਹਿਤ) ਕ੍ਰਿਮੀਨਲ ਢੰਗ ਨਾਲ ਪਰੇਸ਼ਾਨ ਕਰਨ ਨੂੰ ਸਮਰੀ ਜੁਰਮ ਮੰਨਿਆ ਜਾਂਦਾ ਹੈ ਜਿਹਦੀ ਸੁਣਵਾਈ ਮੈਜਿਸਟ੍ਰੇਟ ਕੋਰਟ ਵਿਚ ਹੁੰਦੀ ਹੈ, ਹਿੰਸਾ ਦਾ ਡਰ ਦੇਣ ਦੀ ਸੁਣਵਾਈ ਸਮਰੀ ਜੁਰਮ ਦੇ ਤੌਰ 'ਤੇ ਵੀ ਹੋ ਸਕਦੀ ਹੈ ਅਤੇ ਇੰਨਡਾਈਟੇਬਲ ਜੁਰਮ ਦੇ ਤੌਰ 'ਤੇ ਕ੍ਰਾਊਨ ਕੋਰਟ ਵਿਚ ਵੀ।

- ਸੈਕਸ਼ਨ 2: ਇਸ ਸੈਕਸ਼ਨ ਦੇ ਤਹਿਤ, ਕਿਸੇ ਵਿਅਕਤੀ ਨੂੰ ਅਜਿਹਾ ਵਤੀਰਾ ਬਿਲਕੁਲ ਨਹੀਂ ਕਰਨਾ ਚਾਹੀਦਾ, ਜਿਹਦੇ ਨਾਲ ਕਿਸੇ ਹੋਰ ਨੂੰ ਪਰੇਸ਼ਾਨੀ ਹੋਵੇ, ਜਾਂ ਜਿਹਦੇ ਬਾਰੇ ਉਹਨਾਂ ਨੂੰ ਪਤਾ ਹੋਵੇ ਜਾਂ ਪਤਾ ਹੋਣਾ ਚਾਹੀਦਾ ਹੈ ਕਿ ਉਹਦੇ ਨਾਲ ਕਿਸੇ ਨੂੰ ਪਰੇਸ਼ਾਨੀ ਹੁੰਦੀ ਹੈ, ਜਿਹਨੂੰ ਉਹੀ ਜਾਣਕਾਰੀ ਰੱਖਣ ਵਾਲਾ ਕੋਈ "ਆਮ ਸੂਝ ਬੂਝ ਵਾਲਾ" ਵਿਅਕਤੀ ਪਰੇਸ਼ਾਨ ਕਰਨ ਵਾਲਾ ਕੰਮ ਮੰਨਦਾ ਹੋਵੇ। ਅਜਿਹਾ "ਵਤੀਰਾ" ਘੱਟੋ ਘੱਟ ਦੋ ਵਾਰ ਜ਼ਰੂਰ ਹੋਇਆ ਹੋਣਾ ਚਾਹੀਦਾ ਹੈ। ਇਹਨਾਂ ਕੇਸਾਂ ਦੀ ਸੁਣਵਾਈ ਸਿਰਫ਼ ਮੈਜਿਸਟ੍ਰੇਟਸ ਕੋਰਟ ਵਿਚ ਹੀ ਹੋਏਗੀ।
- ਸੈਕਸ਼ਨ 4: ਦੇ ਅਨੁਸਾਰ ਜੇ ਕਿਸੇ ਵਿਅਕਤੀ ਦਾ ਵਤੀਰਾ ਕਿਸੇ ਹੋਰ ਦੇ ਮਨ ਵਿਚ ਘੱਟੋ ਘੱਟ ਦੋ ਵਾਰ ਡਰ ਪੈਦਾ ਕਰੇ, ਤਾਂ ਇਸ ਕਿਸਮ ਦੇ ਮਾੜੇ ਵਤੀਰੇ ਨੂੰ ਉਹਦੇ ਖ਼ਿਲਾਫ਼ ਜੁਰਮ ਦਾ ਦੋਸ਼ ਲਾਉਣ ਲਈ ਵਰਤਿਆ ਜਾ ਸਕਦਾ ਹੈ, ਜੇ ਉਹਨੂੰ ਪਤਾ ਹੋਵੇ, ਜਾਂ ਜੇ ਉਹਨੂੰ ਪਤਾ ਹੋਣਾ ਚਾਹੀਦਾ ਹੋਵੇ, ਕਿ ਇਹਦੇ ਨਾਲ ਕਿਸੇ ਹੋਰ ਦੇ ਮਨ ਵਿਚ ਡਰ ਪੈਦਾ ਹੋਇਆ। ਸੈਕਸ਼ਨ 2 ਵਿਚ ਵੀ ਇਸੇ ਕਿਸਮ ਦਾ 'ਜਾਇਜ਼ ਹੋਣ' ਦਾ ਟੈਸਟ ਹੈ। ਇਸ ਜੁਰਮ ਦਾ ਮੁਕੱਦਮਾ ਮੈਜਿਸਟ੍ਰੇਟਸ ਕੋਰਟ ਵਿਚ ਜਾਂ ਕ੍ਰਾਊਨ ਕੋਰਟ ਵਿਚ ਚਲਾਇਆ ਜਾ ਸਕਦਾ ਹੈ।

ਜੇ ਪੁਲਿਸ ਨੂੰ ਕਿਸੇ 'ਤੇ ਵੀ ਸ਼ੱਕ ਹੋਵੇ ਕਿ ਉਹਨੇ ਉੱਪਰ ਦੱਸੇ ਇਹਨਾਂ ਜੁਰਮਾਂ ਵਿਚੋਂ ਕੋਈ ਜੁਰਮ ਕੀਤਾ ਹੈ, ਤਾਂ ਉਹਨੂੰ ਇਖ਼ਤਿਆਰ ਹੈ ਕਿ ਅਜਿਹੇ ਵਿਅਕਤੀ ਨੂੰ ਗਰਿਫ਼ਤਾਰ ਕਰ ਸਕੇ, ਅਤੇ ਜੇ ਕੇਸ ਚਲਾਉਣ ਦੀਆਂ ਸੀ ਪੀ ਐੱਸ ਦੀਆਂ ਸ਼ਰਤਾਂ ਨੂੰ ਇਹ ਕੇਸ ਪੂਰੀਆਂ ਕਰੇ ਤਾਂ ਮੁਲਜ਼ਿਮ 'ਤੇ ਕੇਸ ਚਲਾਇਆ ਜਾ ਸਕਦਾ ਹੈ।

## ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004

ਜੁਲਾਈ 2007 ਤੋਂ, ਡੀ ਵੀ ਐਕਟ 2004 ਦਾ ਸੈਕਸ਼ਨ 12 ਪੀ ਐਚ ਏ 1997 ਦੇ ਸੈਕਸ਼ਨ 5 ਵਿਚ ਸੋਧ ਕਰਕੇ ਉਸ ਵਿਚ ਨਵਾਂ ਸੈਕਸ਼ਨ 5A ਪਾਏਗਾ ਜੋ ਕਿਸੇ ਜੁਰਮ ਦੀ ਸਜ਼ਾ ਦੇਣ ਵਾਲੀਆਂ ਅਦਾਲਤਾਂ ਨੂੰ ਰੋਕ ਲਾਉਣ ਵਾਲੇ ਆਰਡਰ ਜਾਰੀ ਕਰਨ ਦੀ ਸ਼ਕਤੀ ਵੀ ਦੇਵੇਗਾ। ਰੋਕ ਵਾਲੇ ਆਰਡਰ ਵਿਚ ਜਿਸ ਵਿਅਕਤੀ ਦਾ ਨਾਂ ਸ਼ਾਮਿਲ ਹੋਏਗਾ ਉਹਨੂੰ ਅਦਾਲਤ ਕੋਲ ਆਪਣਾ ਪੱਖ ਪੇਸ਼ ਕਰਨ ਦਾ ਹੱਕ ਦੇਵੇਗਾ ਜੇ ਇਸ ਆਰਡਰ ਵਿਚ ਤਬਦੀਲੀ ਕਰਨ ਜਾਂ ਇਹਨੂੰ ਖ਼ਤਮ ਕਰਨ ਲਈ ਅਰਜ਼ੀ ਦਿੱਤੀ ਜਾਏ।

ਇਹਦੇ ਨਾਲ ਅਦਾਲਤਾਂ ਨੂੰ ਵੀ ਰੋਕਾਂ ਲਾਉਣ ਦਾ ਆਰਡਰ ਦੇਣ ਦੀ ਸ਼ਕਤੀ ਮਿਲ ਜਾਏਗੀ - ਕਿਸੇ ਵੀ ਜੁਰਮ ਬਾਰੇ - ਜੇ ਦੋਸ਼ੀ 'ਤੇ ਮੁਕੱਦਮਾ ਚੱਲਣ ਮਗਰੋਂ ਉਹ ਬਰੀ ਹੋ ਜਾਏ। ਇਸ ਵੇਲੇ ਰੋਕਾਂ ਲਾਉਣ ਦੇ ਆਰਡਰ ਤਦ ਹੀ ਜਾਰੀ ਕੀਤੇ ਜਾ ਸਕਦੇ ਹਨ ਜੇ ਦੋਸ਼ੀ ਨੂੰ ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ ਦੇ ਸੈਕਸ਼ਨ 2 ਜਾਂ 4 ਦੇ ਤਹਿਤ ਕਿਸੇ ਨੂੰ ਪਰੇਸ਼ਾਨ ਕਰਨ ਜਾਂ ਡਰਾਉਣ ਕਾਰਣ ਸਜ਼ਾ ਹੋ ਜਾਏ। ਇਹਦਾ ਮੰਤਵ ਅਜਿਹੀਆਂ ਹਾਲਤਾਂ ਨਾਲ ਨਿਪਟਣਾ ਹੈ ਜਦ ਕੋਈ ਵਿਅਕਤੀ ਕ੍ਰਿਮੀਨਲ ਕੇਸ ਵਿਚ ਬਰੀ ਹੋ ਜਾਏ, ਪਰ ਇਹ ਗੱਲ ਸਪਸ਼ਟ ਹੋਵੇ ਕਿ ਪੀੜਿਤ ਵਿਅਕਤੀ ਨੂੰ ਲਗਾਤਾਰ ਹਿਫ਼ਾਜ਼ਤ ਦੀ ਲੋੜ ਹੈ। ਪਰ ਪੀੜਿਤ ਜੇ ਚਾਹੇ ਤਾਂ ਕਿਸੇ ਸਿਵਿਲ ਕੋਰਟ ਤੋਂ ਵੀ ਨੌਨ-ਮੋਲੈਸਟੇਸ਼ਨ ਆਰਡਰ ਜਾਂ ਇੰਜੰਕਸ਼ਨ ਲੈ ਸਕਦਾ/ਸਕਦੀ ਹੈ। ਪਰ ਇਸ ਕੰਮ ਵਿਚ ਵੱਧ ਪਹਿਲ ਕਰਨ ਨਾਲ ਨਾ ਸਿਰਫ਼ ਦੇਰ ਅਤੇ ਲੀਗਲ ਏਡ ਬੱਜਟ ਦਾ ਖ਼ਰਚ ਵਧਣੋਂ ਹੀ ਬਚਾਓ ਹੁੰਦਾ ਹੈ। ਸਗੋਂ ਪੀੜਿਤ ਨੂੰ ਉਸੇ ਹੀ ਵੇਲੇ ਹਿਫ਼ਾਜ਼ਤ ਵੀ ਮਿਲ ਜਾਂਦੀ ਹੈ।

ਕਿਸੇ ਵਿਅਕਤੀ ਦੇ ਬਰੀ ਹੋਣ ਮਗਰੋਂ, ਅਦਾਲਤ ਮੁਕੱਦਮਾ ਚਲਾਉਣ ਵਾਲੇ ਅਤੇ ਬਚਾਓ ਪੱਖ ਦੋਹਾਂ ਨੂੰ ਬੁਲਾ ਕੇ ਅਜਿਹੇ ਸਬੂਤ ਮੰਗੇਗੀ ਜੋ ਕ੍ਰਿਮੀਨਲ ਮੁਕੱਦਮੇ ਵੇਲੇ ਨਹੀਂ ਮੰਨੇ ਜਾ ਸਕਦੇ ਸਨ ਪਰ ਸਿਵਿਲ ਕੇਸ ਲਈ ਮੰਨੇ ਜਾ ਸਕਦੇ ਹਨ। ਇਹਨਾਂ ਸਬੂਤਾਂ ਦੇ ਆਧਾਰ 'ਤੇ, ਅਦਾਲਤ ਫ਼ੈਸਲਾ ਕਰੇਗੀ ਕਿ ਕੀ ਪੀੜਿਤ ਦੀ ਪਰੇਸ਼ਾਨ ਕੀਤੇ ਜਾਣ ਤੋਂ ਹਿਫ਼ਾਜ਼ਤ ਕਰਨ ਲਈ ਆਰਡਰ ਜਾਰੀ ਕਰਨਾ ਠੀਕ ਰਹੇਗਾ। ਜਾਂ ਅਦਾਲਤ ਪਹਿਲਾਂ ਕ੍ਰਿਮੀਨਲ ਮੁਕੱਦਮੇ ਵੇਲੇ ਦਿੱਤੇ ਗਏ ਸਬੂਤਾਂ ਦੇ ਆਧਾਰ 'ਤੇ ਫ਼ੈਸਲਾ ਕਰ ਸਕਦੀ ਹੈ। (ਜਿਵੇਂ ਕਿ, ਕਿਸੇ ਨੂੰ ਗੰਭੀਰ ਸੱਟ ਚੋਟ ਲਾਉਣ ਦੇ ਦੋਸ਼ ਤੋਂ ਬਰੀ ਕੀਤਾ ਜਾ ਸਕਦਾ ਹੈ ਪਰ ਇਸ ਗੱਲ ਬਾਰੇ ਕੋਈ ਸ਼ੱਕ ਨਾ ਹੋਵੇ ਕਿ ਉਹਨੇ ਬੂਹੇ 'ਤੇ ਹਥੌੜੇ ਮਾਰ ਕੇ ਉੱਚੀ ਆਵਾਜ਼ ਵਿਚ ਗਾਹਲਾਂ ਕੱਢੀਆਂ ਅਤੇ ਜ਼ਬਰਦਸਤੀ ਘਰ ਵਿਚ ਵੜਿਆ)।

ਰੋਕਾਂ ਲਾਉਣ ਦੇ ਆਰਡਰ ਦਾ ਮਕਸਦ ਜੁਰਮ ਨੂੰ ਰੋਕਣਾ ਹੋਏਗਾ, ਸਜ਼ਾ ਦੇਣਾ ਨਹੀਂ - ਜਿਹਦੇ ਨਾਲ ਕਿਸੇ ਨੂੰ ਪਰੇਸ਼ਾਨ ਕੀਤੇ ਜਾਣੋਂ ਬਚਾਇਆ ਜਾ ਸਕੇ। ਸਾਡਾ ਖ਼ਿਆਲ ਹੈ ਕਿ ਅਜਿਹੀਆਂ ਹਾਲਤਾਂ ਹੋ ਸਕਦੀਆਂ ਹਨ ਜਿਹਨਾਂ ਵਿਚ ਕਿਸੇ ਦਾ ਜੁਰਮ ਸਾਬਤ ਕਰਨ ਜੋਗੇ ਸਬੂਤ ਭਾਵੇਂ ਨਾ ਵੀ ਹੋਣ, ਤਦ ਵੀ ਪੀੜਿਤ ਨੂੰ ਇਕਦਮ ਹਿਫ਼ਾਜ਼ਤ ਦੀ ਲੋੜ ਹੁੰਦੀ ਹੈ। ਆਰਡਰ ਜਾਰੀ ਕਰਨ ਦਾ ਵਿਚਾਰ ਕਰਨ ਵੇਲੇ ਵੀ ਅਦਾਲਤ ਉਸੇ ਗੱਲ ਨੂੰ ਧਿਆਨ ਵਿਚ ਰੱਖੇਗੀ ਜਿਸ ਗੱਲ ਨੂੰ ਪ੍ਰੋਟੈਕਸ਼ਨ ਫ਼ਰੌਮ ਹਾਰਾਸਮੈਂਟ ਐਕਟ ਦੇ ਸੈਕਸ਼ਨ 3 ਦੇ ਤਹਿਤ ਦਿੱਤੀ ਗਈ ਰੋਕ ਲਾਉਣ ਦੀ ਅਰਜ਼ੀ ਦੀ ਸੁਣਵਾਈ ਕਰਨ ਵੇਲੇ ਸਿਵਿਲ ਕੋਰਟ ਧਿਆਨ ਵਿਚ ਰੱਖੇਗੀ, ਯਾਨਿ ਕਿ ਕੀ ਪੀੜਿਤ ਨੂੰ ਪਰੇਸ਼ਾਨੀ ਤੋਂ ਬਚਾਉਣ ਲਈ ਆਰਡਰ ਜਾਰੀ ਕਰਨ ਦੀ ਲੋੜ ਹੈ? ਇਸ ਸਵਾਲ ਦਾ ਜਵਾਬ ਅਦਾਲਤ ਦੇ ਵਿਚਾਰਾਂ 'ਤੇ ਨਿਰਭਰ ਹੋਏਗਾ।

ਇਹ ਵਿਚਾਰ ਕਰਨ ਵੇਲੇ ਕਿ ਕੀ ਪਿਛਲੇ ਗ਼ਲਤ ਵਤੀਰੇ ਦਾ ਦੋਸ਼ ਸਾਬਤ ਹੋ ਗਿਆ ਹੈ, ਅਦਾਲਤ ਸਬੂਤ ਦੇ ਸਿਵਿਲ ਮਿਆਰਾਂ ਦੀ ਵਰਤੋਂ ਕਰੇਗੀ। ਪਰ ਕਿਉਂਕਿ ਇਹੋ ਜਿਹੇ ਕੇਸਾਂ ਦੇ ਆਰਡਰਾਂ ਬਾਰੇ ਕਾਨੂੰਨ ਸਪਸ਼ਟ ਹੈ (ਏ ਐਸ ਬੀ ਓ ਅਤੇ ਫੁਟਬਾਲ ਨਾਲ ਸੰਬੰਧਤ ਰੋਕਾਂ ਦੇ ਆਰਡਰ) ਕੇਸ 'ਤੇ ਸਿਵਿਲ ਮਿਆਰ ਲਾਗੂ ਹੋਣਗੇ, ਜਿਵੇਂ ਕਿ ਵਤੀਰੇ ਦੀ ਗੰਭੀਰਤਾ ਅਤੇ ਕਿਸ ਕਿਸਮ ਦੀਆਂ ਰੋਕਾਂ ਲਾਈਆਂ ਜਾ ਸਕਦੀਆਂ ਹਨ।

ਡੀ ਵੀ ਐਕਟ 2004 ਦੇ ਅਨੁਸਾਰ ਜਿਸ ਵਿਅਕਤੀ ਦਾ ਰੋਕਾਂ ਬਾਰੇ ਆਰਡਰ ਵਿਚ ਨਾਂ ਹੈ ਉਹਨੂੰ ਆਪਣੀ "ਗੱਲ ਕਹਿਣ" ਦਾ ਹੱਕ ਹੈ, ਯਾਨਿ ਕਿ ਆਰਡਰ ਬਦਲਣ ਜਾਂ ਖ਼ਤਮ ਕੀਤੇ ਜਾਣ ਲਈ ਅਰਜ਼ੀ ਦੇ ਹੋਣ ਦੀ ਹਾਲਤ ਵਿਚ ਆਪਣਾ ਪੱਖ ਪੇਸ਼ ਕਰਨ ਦਾ ਹੱਕ। ਅਦਾਲਤ ਦੇ ਨਿਯਮਾਂ ਅਨੁਸਾਰ ਅਦਾਲਤ ਦਾ ਇਹ ਫ਼ਰਜ਼ ਹੈ ਕਿ ਰੋਕਾਂ ਵਾਲੇ ਆਰਡਰ ਵਿਚ ਜਿਹਦਾ ਵੀ ਨਾਂ ਹੈ ਉਹਨੂੰ ਦੱਸੇ ਕਿ ਅਜਿਹੀ ਅਰਜ਼ੀ ਦਿੱਤੀ ਗਈ ਹੈ ਤਾਕਿ ਉਸ ਵਿਅਤਕੀ ਨੂੰ ਪਹਿਲਾਂ ਹੀ ਸੂਚਨਾ ਮਿਲ ਜਾਏ ਕਿ ਕੀ ਹੋ ਰਿਹਾ ਹੈ, ਤਾਕਿ ਉਹ ਅਦਾਲਤ ਵਿਚ ਇਸ ਅਰਜ਼ੀ ਦੇ ਖ਼ਿਲਾਫ਼ ਦਲੀਲਾਂ ਪੇਸ਼ ਕਰ ਸਕੇ।

# ਚੌਥਾ ਹਿੱਸਾ: ਮਦਦ ਦੇਣ ਦੇ ਹੋਰ ਸੰਬੰਧਤ ਪ੍ਰਬੰਧ

## ਹਾਊਜ਼ਿੰਗ ਐਕਟ 1996

ਇਸ ਕਾਨੂੰਨ ਰਾਹੀਂ ਅਸਿੱਧੇ ਤੌਰ 'ਤੇ ਉਹਨਾਂ ਵਿਅਕਤੀਆਂ ਦੀ ਹਿਫ਼ਾਜ਼ਤ ਹੁੰਦੀ ਹੈ ਜਿਹਨਾਂ ਨਾਲ ਘਰੇਲੂ ਹਿੰਸਾ ਵਾਪਰਦੀ ਹੈ, ਕਿਉਂਕਿ ਇਹਦੇ ਵਿਚ ਤੀਸਰੀ ਧਿਰ - ਮਕਾਨ ਮਾਲਿਕ - ਪੋਜ਼ੈੱਸ਼ਨ ਆਰਡਰ ਲਈ ਅਰਜ਼ੀ ਦਿੰਦਾ ਹੈ। ਸਿਰਫ਼ ਕੋਈ ਮਕਾਨ ਮਾਲਿਕ - ਜਾਂ ਖ਼ਾਸ ਤੌਰ 'ਤੇ ਲੋਕਲ ਅਥਾਰਿਟੀ ਜਾਂ ਸੋਸ਼ਲ ਲੈਂਡਲਾਰਡ - ਇਸ ਐਕਟ ਦੇ ਤਹਿਤ ਕਾਰਵਾਈ ਕਰ ਸਕਦਾ ਹੈ ਜੇ ਉਹਦੇ ਧਿਆਨ ਵਿਚ ਲਿਆਂਦਾ ਜਾਏ, ਜਾਂ ਕਿਸੇ ਕਿਰਾਏਦਾਰ 'ਤੇ ਇਹ ਦੋਸ਼ ਲਾਇਆ ਜਾਏ, ਕਿ ਉਹਦਾ ਕਿਸੇ ਹੋਰ ਕਿਰਾਏਦਾਰ ਨਾਲ ਵਤੀਰਾ ਹਿੰਸਕ ਹੈ।

ਇਹ ਸਿਵਿਲ ਕਾਰਵਾਈ ਇਸ ਗੱਲ 'ਤੇ ਵੀ ਨਿਰਭਰ ਹੁੰਦੀ ਹੈ ਕਿ ਜਿਸ ਕਿਰਾਏਦਾਰ ਨਾਲ ਘਰੇਲੂ ਹਿੰਸਾ ਵਾਪਰਦੀ ਹੈ ਉਹ ਘਰ ਛੱਡ ਜਾਏ ਅਤੇ ਉਹਦੀ ਵਾਪਸ ਆਉਣ ਦੀ ਕੋਈ ਇੱਛਾ ਨਾ ਹੋਵੇ। ਇਸ ਲਈ, ਮਕਾਨ ਮਾਲਕ ਲਈ ਘਰ ਵਾਪਸ ਲੈਣ ਦਾ ਇਹ ਸੌਖਾ ਜਿਹਾ ਢੰਗ ਹੈ ਕਿ ਉਹ ਘਰ ਵਿਚ ਰਹਿਣ ਵਾਲੇ ਬਦਸਲੂਕੀ ਕਰਨ ਵਾਲੇ ਦੇ ਖ਼ਿਲਾਫ਼ ਕਾਰਵਾਈ ਕਰ ਸਕੇ। ਇਹਦੇ ਨਾਲ ਹਿੰਸਾ ਦਾ ਨਿਸ਼ਾਨਾ ਬਣਨ ਵਾਲੀ ਘਰ ਵਿਚ ਰਹਿਣ ਦੇ ਯੋਗ ਨਹੀਂ ਹੋ ਜਾਂਦੀ। ਨਾ ਹੀ ਇਹਦੇ ਨਾਲ ਕਿਸੇ ਹੋਰ ਥਾਂ 'ਤੇ ਉਹਨੂੰ ਰੋਕ ਜਾਂ ਮਨਾਹੀ ਦੇ ਰੂਪ ਵਿਚ ਕੋਈ ਹਿਫ਼ਾਜ਼ਤ ਮਿਲਦੀ ਹੈ।

## ਸੈਂਕਚੁਅਰੀ (ਸੁਰੱਖਿਅਤ ਰਿਹਾਇਸ਼ ਵਾਲੀਆਂ) ਸਕੀਮਾਂ

ਲੋਕਾਂ ਦੇ ਬੇਘਰ ਹੋਣ ਨੂੰ ਰੋਕਣ ਲਈ ਇਕ ਨਵੀਂ ਕਿਸਮ ਦਾ ਢੰਗ ਸੈਂਕਚੁਅਰੀ ਸਕੀਮ ਹੈ। ਜਿਹਨਾਂ ਨਾਲ ਘਰੇਲੂ ਹਿੰਸਾ ਹੁੰਦੀ ਹੈ ਉਹਨਾਂ ਦੀ ਆਪਣੇ ਘਰਾਂ ਵਿਚ ਰਹਿਣ ਵਿਚ ਮਦਦ ਕਰਨ ਲਈ ਸੁਰੱਖਿਆ ਸਾਧਨ ਮਾਹਿਰਾਂ ਤੋਂ ਲਗਵਾਏ ਜਾਂਦੇ ਹਨ, ਜਿੱਥੇ ਅਜਿਹਾ ਕਰਨ ਨਾਲ ਉਹਨਾਂ ਨੂੰ ਸੁਰੱਖਿਆ ਮਿਲ ਸਕਦੀ ਹੋਵੇ, ਅਤੇ ਉਹ ਇਹ ਚਾਹੁਣ ਅਤੇ ਹਿੰਸਾ ਕਰਨ ਵਾਲਾ/ਵਾਲੀ ਉਸ ਘਰ ਵਿਚ  ਨਾ ਰਹਿੰਦਾ/ਰਹਿੰਦੀ ਹੋਵੇ।

ਐਲ ਜੀ ਏ ਅਤੇ ਕਮਿਉਨਿਟੀਜ਼ ਐਂਡ ਲੋਕਲ ਗਵਰਨਮੈਂਟ ਦੀ ਰਹਿਨੁਮਾਈ ਅਨੁਸਾਰ ਬਣੀ ਇਸ ਸਕੀਮ ਦਾ ਮੰਤਵ ਲੋਕਲ ਅਥਾਰਿਟੀਆਂ ਅਤੇ ਹੋਰ ਖ਼ਾਸ ਸਾਂਝੀਦਾਰਾਂ ਦੀ ਮਦਦ ਕਰਨਾ ਹੈ ਤਾਕਿ ਉਹ ਘਰੇਲੂ ਹਿੰਸਾ ਦੇ ਪੀੜਿਤ ਲੋਕਾਂ ਦੀ ਮਦਦ ਕਰਨ ਲਈ ਅਸਰਦਾਈ ਸਕੀਮਾਂ ਚਲਾ ਸਕਣ।

ਇਹ ਰਹਿਨੁਮਾਈ ਸਿਰਫ਼ ਇਸ ਵੈੱਬਸਾਈਟ 'ਤੇ ਹੀ ਮਿਲ ਸਕਦੀ ਹੈ:
http://www.communities.gov.uk/index.asp?id=1502478gov.uk

## ਇੰਮੀਗਰੇਸ਼ਨ ਦਰਜਾ ਅਤੇ ਸਰਕਾਰੀ ਪੈਸੇ

ਹਰ ਸਾਲ ਲੱਗਭਗ 500 ਔਰਤਾਂ ਨੂੰ ਯੂਨਾਈਟਿਡ ਕਿੰਗਡਮ ਵਿਚ ਆ ਕੇ ਕਿਸੇ ਯੂ ਕੇ ਨਾਗਰਿਕ ਨਾਲ ਵਿਆਹ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ - ਇਸ ਸ਼ਰਤ 'ਤੇ ਕਿ ਉਹਨਾਂ ਨੂੰ ਸਰਕਾਰੀ ਪੈਸੇ ਨਾਲ ਕੋਈ ਮਦਦ ਨਹੀਂ ਮਿਲੇਗੀ। ਇਸ ਸੰਦਰਭ ਵਿਚ ਸਰਕਾਰੀ ਪੈਸੇ ਦਾ ਮਤਲਬ ਹੈ ਸਮਾਜਕ ਮਾਲੀ ਮਦਦ, ਜਿਵੇਂ ਹਾਊਜ਼ਿੰਗ ਬੈਨੀਫ਼ਿਟ।

ਇੰਮੀਗਰੇਸ਼ਨ ਨਿਯਮਾਂ ਅਨੁਸਾਰ, ਘਰੇਲੂ ਹਿੰਸਾ ਦੀਆਂ ਪੀੜਿਤ ਔਰਤਾਂ ਇਸ ਦੇਸ਼ ਵਿਚ ਅਨਮਿੱਥੇ ਸਮੇਂ ਲਈ ਰਹਿਣ ਦੀ ਇਜਾਜ਼ਤ ਲਈ ਅਰਜ਼ੀ ਦੇ ਸਕਦੀਆਂ ਹਨ ਅਤੇ ਇਹ ਇਜਾਜ਼ਤ ਲੈਣ ਲਈ ਉਹਨਾਂ ਨੂੰ ਸਬੂਤ ਪੇਸ਼ ਕਰਨੇ ਪੈਂਦੇ ਹਨ। ਪਰ ਜਦ ਤਕ ਅਰਜ਼ੀ ਬਾਰੇ ਵਿਚਾਰ ਹੁੰਦਾ ਹੈ, ਉਹਨਾਂ ਦੇ ਮੌਜੂਦਾ ਇੰਮੀਗਰੇਸ਼ਨ ਦਰਜੇ ਕਾਰਣ ਉਹਨਾਂ ਨੂੰ ਰਿਹਾਇਸ਼ ਨਹੀਂ ਦਿੱਤੀ ਜਾ ਸਕਦੀ। ਸੁਰੱਖਿਅਤ ਥਾਂ ਅਤੇ ਗੁਜ਼ਾਰੇ ਲਈ ਪੈਸੇ ਨਾ ਹੋਣ ਕਾਰਣ, ਉਹਨਾਂ ਔਰਤਾਂ ਨੂੰ ਘਰ ਵਾਪਸ ਜਾ ਕੇ ਹੋਰ ਬਦਸਲੂਕੀ ਦਾ ਸਾਹਮਣਾ ਕਰਨਾ ਪੈਂਦਾ ਹੈ, ਅਤੇ ਕੁਝ ਅਤੀ ਗੰਭੀਰ ਹਾਲਤਾਂ ਵਿਚ ਉਹਨਾਂ ਦਾ ਕਤਲ ਵੀ ਹੋ ਸਕਦਾ ਹੈ।

ਲੋਕਲ ਅਥਾਰਿਟੀਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਘਰੇਲੂ ਹਿੰਸਾ ਦੇ ਕੁਝ ਪੀੜਿਤ ਲੋਕਾਂ ਅਤੇ ਨਿਰਭਰ ਬੱਚਿਆਂ ਦੀਆਂ ਦੇਖਭਾਲ ਦੀਆਂ ਕੁਝ ਖ਼ਾਸ ਲੋੜਾਂ ਵੀ ਹੋ ਸਕਦੀਆਂ ਹਨ, ਜਿਹਨਾਂ ਕਰਕੇ ਉਹ ਐਨ ਐਚ ਐੱਸ ਐਂਡ ਕਮਿਊਨਿਟੀ ਕੇਅਰ ਐਕਟ ਦੇ ਸੈਕਸ਼ਨ 47, ਲੋਕਲ ਗਵਰਨਮੈਂਟ ਐਕਟ ਤੇ ਸੈਕਸ਼ਨ s2, ਚਿਲਡਰਨ ਐਕਟ 1989 ਜਾਂ ਹਰ ਵੱਖਰੇ ਕੇਸ ਅਨੁਸਾਰ ਹੋਰ ਕਾਨੂੰਨਾਂ ਦੇ ਤਹਿਤ ਮਦਦ ਲੈ ਸਕਦੀਆਂ ਹਨ।

1999 ਵਿਚ ਇਕ ਰਿਆਇਤ ਲਾਗੂ ਕੀਤੀ ਗਈ ਜਿਹਦੇ ਅਨੁਸਾਰ ਜਿਹੜੀਆਂ ਔਰਤਾਂ ਆਜ਼ਮਾਇਸ਼ੀ ਸਮੇਂ ਦੌਰਾਨ ਆਪਣੇ ਬਦਸਕੂਲੀ ਕਰਨ ਵਾਲੇ ਪਤੀ ਜਾਂ ਸਾਥੀ ਨੂੰ ਛੱਡ ਜਾਣ, ਅਤੇ ਅਦਾਲਤ ਦੇ ਫ਼ੈਸਲੇ ਜਾਂ ਇਹਦੇ ਵਰਗੇ ਕਿਸੇ ਹੋਰ ਢੰਗ ਨਾਲ ਸਾਬਤ ਕਰ ਸਕਣ ਕਿ ਘਰੇਲੂ ਹਿੰਸਾ ਕਾਰਣ ਇਹ ਰਿਸ਼ਤਾ ਟੁੱਟ ਗਿਆ ਹੈ, ਉਹਨਾਂ ਨੂੰ ਇਸ ਦੇਸ਼ ਵਿਚ ਪੱਕੇ ਤੌਰ ’ਤੇ ਰਹਿਣ ਦੀ ਇਜਾਜ਼ਤ ਮਿਲ ਜਾਂਦੀ ਹੈ।

ਨਵੰਬਰ 2002 ਵਿਚ, ਉਹਨਾਂ ਸਬੂਤਾਂ ਦੀ ਲਿਸਟ ਵਿਚ ਵਾਧਾ ਕੀਤਾ ਗਿਆ ਜਿਹਨਾਂ ਦੀ ਵਰਤੋਂ ਘਰੇਲੂ ਹਿੰਸਾ ਦੇ ਸਬੂਤ ਦੇ ਤੌਰ ’ਤੇ ਕੀਤੀ ਜਾ ਸਕਦੀ ਹੈ। ਭਾਵੇਂ ਆਰਡਰ ਜਾਂ ਪੁਲਿਸ ਵਲੋਂ ਦਿੱਤੀ ਚੇਤਾਵਨੀ ਸਭ ਤੋਂ ਵਧੀਆ ਸਬੂਤ ਹਨ, ਪਰ ਜੀ ਪੀ ਡਾਕਟਰ ਦੀ ਰਿਪੋਰਟ, ਅਦਾਲਤ ਵਿਚ ਦਿੱਤਾ ਵਚਨ, ਅਤੇ ਪੁਲਿਸ ਕੋਲ ਲਗਵਾਈ ਹਾਜ਼ਰੀ, ਸੋਸ਼ਲ ਸਰਵਿਸਿਜ਼ ਦਾ ਖ਼ਤ, ਜਾਂ ਕਿਸੇ ਰੈਫ਼ਿਊਜ (ਆਸਰਾ ਦੇਣ ਵਾਲੀ ਥਾਂ) ਦਾ ਖ਼ਤ ਵੀ ਸਵੀਕਾਰ ਕਰਨ ਯੋਗ ਸਬੂਤ ਬਣਾਏ ਗਏ ਹਨ।

ਇੰਮੀਗਰੇਸ਼ਨ ਐਂਡ ਨੈਸ਼ਨੈਲਿਟੀ ਡਾਇਰੈਕਟਰੇਟ ਅਜਿਹੇ ਕੇਸਾਂ ਵਲ ਖ਼ਾਸ ਧਿਆਨ ਦੇ ਕੇ ਇਹਨਾਂ ਨੂੰ ਛੇਤੀ ਨਿਪਟਾਉਣ ਦਾ ਕੰਮ ਕਰ ਰਹੀ ਹੈ, ਅਤੇ ਪਿਛਲੇ ਦਿਨੀਂ ਬਹੁਤ ਗ਼ਰੀਬ ਬਿਨੈਕਾਰਾਂ ਨੂੰ ਫ਼ੀਸ ਦੇਣ ਦੇ ਨਵੇਂ ਨਿਯਮਾਂ ਤੋਂ ਛੋਟ ਦਿੱਤੀ ਗਈ ਹੈ।

ਅਰਜ਼ੀ ਦੇਣ ਅਤੇ ਸਬੂਤ ਇਕੱਠੇ ਕਰਨ ਦੇ ਢੰਗ ਵਿਚ ਸੁਧਾਰ ਕਰਨ ਲਈ ਨਵੇਂ ਕਦਮ ਉਠਾਏ ਜਾ ਰਹੇ ਹਨ, ਜਿਵੇਂ ਏਜੰਸੀਆਂ ਲਈ ਪ੍ਰੋ-ਫ਼ੋਰਮਾ, ‘ਰੈਫ਼ਿਊਜ’ (ਆਸਰਾ) ਸ਼ਬਦ ਦੇ ਅਰਥਾਂ ਦਾ ਜ਼ਿਆਦਾ ਵਿਸਤ੍ਰਿਤ ਅਰਥ ਸਮਝਣਾ। ਅਪ੍ਰੈਲ 2007 ਤੋਂ ਇਕ ਨਵੇਂ ਅਰਜ਼ੀ ਫ਼ਾਰਮ[19] ਦੀ ਵਰਤੋਂ ਹੋਣ ਲਗ ਜਾਏਗੀ, ਜਿਹਦੇ ਨਾਲ ਜਾਣਕਾਰੀ ਦੇਣ ਵਾਲੇ ਨੋਟ ਵੀ ਹੋਣਗੇ।

## ਪੋਲੀਸ ਰਿਫ਼ੌਰਮ ਐਕਟ 2002 - ਘਰੇਲੂ ਹਿੰਸਾ ਅਤੇ ਸਿਹਤ

ਘਰੇਲੂ ਹਿੰਸਾ ਦੇ ਮਸਲਿਆਂ ਨਾਲ ਨਿਪਟਣ ਦੇ ਕੰਮ ਵਿਚ ਐਨ ਐਚ ਐੱਸ ਬਹੁਤ ਵੱਡਾ ਹਿੱਸਾ ਪਾ ਸਕਦੀ ਹੈ, ਸਿਰਫ਼ ਇਸ ਕਰਕੇ ਹੀ ਨਹੀਂ ਕਿ ਇਹਦਾ ਅਸਰ ਪੀੜਿਤ ਦੀ ਸਿਹਤ ’ਤੇ ਪੈਂਦਾ ਹੈ, ਸਗੋਂ ਇਸ ਕਰਕੇ ਵੀ ਕਿ ਇਸ ਮਸਲੇ ਨੂੰ ਸਮਝਣ ਵਾਲੇ ਅਤੇ ਇਹਦੇ ਹੱਲ ਲਈ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਨਾਲ ਸਭ ਤੋਂ ਪਹਿਲਾਂ ਸੰਪਰਕ ਐਨ ਐਚ ਐੱਸ ਰਾਹੀਂ ਹੁੰਦਾ ਹੈ।

ਸਿੱਟੇ ਵਜੋਂ, 30 ਅਪ੍ਰੈਲ 2004 ਤੋਂ, ਇੰਗਲੈਂਡ ਵਿਚ ਪ੍ਰਾਇਮਰੀ ਕੇਅਰ ਟ੍ਰਸਟ (ਪੀ ਸੀ ਟੀ) ਜੁਰਮ ਅਤੇ ਬਦਅਮਨੀ ਨੂੰ ਰੋਕਣ ਵਾਲੀਆਂ ਸਾਂਝੀਦਾਰੀਆਂ ਵਿਚ ਜ਼ਿੰਮੇਦਾਰ ਅਥਾਰਿਟੀ ਬਣ ਗਈ ਹੈ। (ਇਹਦੇ ਨਾਲ ਸੰਬੰਧਤ ਕਾਨੂੰਨ ਕ੍ਰਾਈਮ ਐਂਡ ਡਿਸਆਰਡਰ ਐਕਟ 1998 ਸੈਕਸ਼ਨ 5(1) ਅਤੇ ਇਹਦੀ ਪੋਲੀਸ ਰਿਫ਼ੌਰਮ ਐਕਟ 2002 ਰਾਹੀਂ ਕੀਤੀ ਗਈ ਸੋਧ ਹੈ)।

ਇਹਦਾ ਅਰਥ ਹੈ ਕਿ ਜੁਰਮ ਅਤੇ ਬਦਅਮਨੀ ਅਤੇ ਸਥਾਨਕ ਪੱਧਰ ’ਤੇ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਹੋਰ ਜ਼ਿੰਮੇਦਾਰ ਅਥਾਰਿਟੀਆਂ ਨਾਲ ਮਿਲ ਕੇ ਕੰਮ ਕਰਨਾ ਹੁਣ ਪੀ ਸੀ ਟੀਜ਼ ਦੀ ਕਾਨੂੰਨੀ ਜ਼ਿੰਮੇਦਾਰੀ ਹੈ।

[19] ਘਰੇਲੂ ਹਿੰਸਾ ਬਾਰੇ ਮੌਜੂਦਾ ਸਵਾਲਨਾਮਾ: http://www.ind.homeoffice.gov.uk/6353/11406/dvquestionnaire.pdf

## ਐਜੁਕੇਸ਼ਨ ਐਕਟ 2002

ਘਰੇਲੂ ਹਿੰਸਾ ਦੀ ਅਤੇ ਬੱਚਿਆਂ ਨਾਲ ਬਦਸਲੂਕੀ ਦੀ ਪਛਾਣ ਸਭ ਤੋਂ ਪਹਿਲਾਂ ਸਕੂਲਾਂ ਵਿਚ ਹੋ ਸਕਦੀ ਹੈ, ਅਤੇ ਇਹ ਕੇਸ ਸੋਸ਼ਲ ਸਰਵਿਸਿਜ਼ ਕੋਲ ਭੇਜੇ ਜਾ ਸਕਦੇ ਹਨ। ਜੇ ਸਕੂਲ ਨੂੰ ਸ਼ੱਕ ਪਏ ਕਿ ਕਿਸੇ ਬੱਚੇ ਨਾਲ ਬਦਸਲੂਕੀ ਹੋ ਰਹੀ ਹੈ, ਜਾਂ ਉਹਦੇ ਨਾਲ ਬਦਸਲੂਕੀ ਹੋਣ ਦਾ ਖ਼ਤਰਾ ਹੈ, ਜਾਂ ਸ਼ੱਕ ਪਏ ਕਿ ਉਹਦੇ ਪਰਿਵਾਰ ਵਿਚ ਕੁਝ ਮਸਲੇ ਹਨ, ਤਾਂ ਸਕੂਲ ਨੂੰ ਆਪਣੀਆਂ ਚਿੰਤਾਵਾਂ ਬਾਰੇ ਰਿਪੋਰਟ ਕਰਨ ਲਈ ਸਥਾਨਕ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਐਜੁਕੇਸ਼ਨ ਐਕਟ 2002 ਦੇ ਸੈਕਸ਼ਨ 175 ਰਾਹੀਂ ਇਹ ਯਕੀਨੀ ਬਣਾਇਆ ਜਾਏਗਾ ਕਿ ਗਵਰਨਿੰਗ ਬਾਡੀਆਂ ਅਤੇ ਲੋਕਲ ਐਕੂਕੇਸ਼ਨ ਅਥਾਰਿਟੀਆਂ ਬੱਚੇ ਦੀ ਹਿਫ਼ਾਜ਼ਤ ਦੇ ਸਹੀ ਪ੍ਰਬੰਧ ਕਰਨ।

## ਅੰਤਿਕਾ ਏ: ਸੰਬੰਧਤ ਵਿਅਕਤੀ ਕੌਣ ਹੁੰਦਾ ਹੈ?

### ਐਫ਼ ਐਲ ਏ 1996 (ਸੈਕਸ਼ਨ 62(3) ਦੇ ਤਹਿਤ ਸੰਬੰਧਤ ਆਕਿਊਪੇਸ਼ਨ ਆਰਡਰ ਲੈਣ ਲਈ

- ਜੇ ਉਹ ਇਕ ਦੂਜੇ ਨਾਲ ਵਿਆਹੇ ਹਨ ਜਾਂ ਵਿਆਹੇ ਰਹੇ ਹਨ, ਜਾਂ ਸਿਵਿਲ ਪਾਰਟਨਰ ਹਨ ਜਾਂ ਰਹੇ ਹਨ।
- ਜੇ ਉਹ ਵਿਆਹਿਆਂ ਵਾਂਗ ਇਕ ਦੂਜੇ ਨਾਲ ਰਹਿੰਦੇ ਹਨ ਜਾਂ ਰਹਿੰਦੇ ਰਹੇ ਹਨ (ਸਹਿਕਾਮੀ) (5 ਦਸੰਬਰ 2005 ਤੋਂ, ਡੀ ਵੀ ਸੀ ਵੀ ਐਕਟ ਦੇ ਸੈਕਸ਼ਨ 3 ਰਾਹੀਂ ਫ਼ੈਮਿਲੀ ਲਾਅ ਐਕਟ 1996 ਦੇ ਸੈਕਸ਼ਨ 62(1)(a) ਵਿਚ ਸੋਧ ਕਰਕੇ ਸਮਲਿੰਗੀ ਸਹਿਕਾਮੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ)।
- ਉਹ ਕਿਸੇ ਹੋਰ ਢੰਗ ਨਾਲ ਇਕੋ ਘਰ ਵਿਚ ਰਹਿੰਦੇ ਹਨ ਜਾਂ ਰਹਿੰਦੇ ਰਹੇ ਹਨ, ਕਿਉਂਕਿ ਇਕ ਜਣਾ ਦੂਸਰੇ ਦਾ/ਦੀ ਨੌਕਰ, ਜਾਂ ਕਿਰਾਏਦਾਰ, ਲੌਜਰ ਜਾਂ ਬੋਰਡਰ ਹੈ/ਸੀ
- ਉਹ ਇਕ ਦੂਸਰੇ ਦੇ ਰਿਸ਼ਤੇਦਾਰ ਹਨ (ਫ਼ੈਮਿਲੀ ਲਾਅ ਐਕਟ 1996 ਵਿਚ "ਰਿਸ਼ਤੇਦਾਰ" ਦੀ ਪਰਿਭਾਸ਼ਾ ਨੂੰ ਹੋਰ ਵਿਸਤ੍ਰਿਤ ਕਰਕੇ ਇਹਨਾਂ ਵਿਚ ਸਕੇ ਚਾਚੇ, ਤਾਏ, ਮਾਮੇ, ਮਾਸੀ ਅਤੇ ਭੂਆ ਦੇ ਪੁੱਤਰ ਧੀ ਵੀ ਸ਼ਾਮਿਲ ਕੀਤੇ ਗਏ ਹਨ)।
- ਉਹ ਇਕ ਦੂਸਰੇ ਨਾਲ ਵਿਆਹ ਕਰਨ ਲਈ ਮੰਨੇ ਸਨ (ਭਾਵੇਂ ਇਹ ਸਮਝੌਤਾ ਟੁੱਟਿਆ ਹੈ ਜਾਂ ਨਹੀਂ)
- ਉਹਨਾਂ ਨੇ ਸਿਵਿਲ ਪਾਰਟਨਰਸ਼ਿਪ ਦਾ ਸਮਝੌਤਾ ਕੀਤਾ ਸੀ (ਸਿਵਿਲ ਪਾਰਟਨਰ ਸ਼ਿਪ ਐਕਟ 2004 ਦੇ ਸੈਕਸ਼ਨ 73 ਅਨੁਸਾਰ)(ਭਾਵੇਂ ਇਹ ਸਮਝੌਤਾ ਟੁੱਟਿਆ ਹੈ ਜਾਂ ਨਹੀਂ)
- ਕਿਸੇ ਬੱਚੇ ਦੇ ਸੰਬੰਧ ਵਿਚ, ਦੋਵੇਂ ਬੱਚੇ ਦੇ ਮਾਪੇ ਹਨ ਜਾਂ ਉਹਨਾਂ ਦੀਆਂ ਮਾਪਿਆਂ ਵਾਲੀਆਂ ਜ਼ਿੰਮੇਦਾਰੀਆਂ ਹਨ ਜਾਂ ਸਨ - ਕਿਸੇ ਵਿਅਕਤੀ 'ਤੇ ਇਹ ਕਾਨੂੰਨ ਤਦ ਲਾਗੂ ਹੁੰਦਾ ਹੈ ਜੇ:
    1. ਉਹ ਬੱਚੇ ਦਾ ਪਿਤਾ ਜਾਂ ਮਾਤਾ ਹੈ; ਜਾਂ
    2. ਬੱਚੇ ਲਈ ਉਹਦੀ ਮਾਪਿਆਂ ਵਾਲੀ ਜ਼ਿੰਮੇਦਾਰੀ ਹੈ ਜਾਂ ਸੀ।
- ਉਹ ਇੱਕੋ ਫ਼ੈਮਿਲੀ ਕਾਨੂੰਨੀ ਕਾਰਵਾਈ ਵਿਚ ਧਿਰਾਂ ਹਨ (ਐਫ਼ ਐਲ ਏ 1966 ਦੇ ਹਿੱਸਾ 4 ਅਨੁਸਾਰ ਹੋਣ ਵਾਲੀ ਕਾਨੂੰਨੀ ਕਾਰਵਾਈ ਨੂੰ ਛੱਡ ਕੇ)

### ਨੌਨ-ਮੌਲੈਸਟੇਸ਼ਨ ਆਰਡਰ ਦੇ ਸੰਬੰਧ ਵਿਚ (ਐਫ਼ ਐਲ ਏ 1996)

ਜੇ ਜਵਾਬਦੇਹ ਵਿਅਕਤੀ ਹੇਠ ਲਿਖੀਆਂ ਕਿਸਮਾਂ ਵਿਚੋਂ ਕਿਸੇ ਕਿਸਮ ਦਾ/ਦੀ ਹੋਵੇ, ਤਾਂ ਅਰਜ਼ੀ ਦਿੱਤੀ ਜਾ ਸਕਦੀ ਹੈ:

ੳ) ਬਿਨੈਕਾਰ ਦੇ ਸੰਬੰਧ ਵਿਚ

- ਵਿਆਹੁਤਾ ਸਾਥੀ
- ਸਾਬਕਾ ਵਿਆਹੁਤਾ ਸਾਥੀ
- ਪਤੀ/ਪਤਨੀ ਵਾਂਗ ਨਾਲ ਰਹਿਣ ਵਾਲਾ/ਵਾਲੀ (ਸਹਿਕਾਮੀ)
- ਬੀਤੇ ਸਮੇਂ ਵਿਚ ਪਤੀ/ਪਤਨੀ ਵਾਂਗ ਨਾਲ ਰਹਿਣ ਵਾਲਾ/ਵਾਲੀ (ਸਹਿਕਾਮੀ)
- ਸਿਵਿਲ ਪਾਰਟਨਰ
- ਸਾਬਕਾ ਸਿਵਿਲ ਪਾਰਟਨਰ

ਅ) ਬਿਨੈਕਾਰ ਨਾਲ (ਜਾਂ ਉੱਪਰ ੳ) ਵਾਲੇ ਹਿੱਸੇ ਵਿਚ ਦੱਸੇ ਕਿਸੇ ਵਿਅਕਤੀ ਨਾਲ ਹੇਠ ਲਿਖੇ ਰਿਸ਼ਤਿਆਂ ਵਿਚੋਂ ਕੋਈ:

- ਪਿਤਾ
- ਮਾਤਾ
- ਮਤਰੇਆ ਪਿਤਾ
- ਮਤਰੇਈ ਮਾਤਾ
- ਪੁੱਤਰ
- ਧੀ
- ਮਤਰੇਆ ਪੁੱਤਰ
- ਮਤਰੇਈ ਧੀ
- ਦਾਦੀ/ਨਾਨੀ
- ਦਾਦਾ/ਨਾਨਾ
- ਪੋਤਾ/ਦੋਹਤਾ
- ਪੋਤੀ/ਦੋਹਤੀ
- ਭਰਾ
- ਭੈਣ
- ਮਤਰੇਆ ਭਰਾ/ ਮਤਰੇਈ ਭੈਣ
- ਚਾਚਾ/ਤਾਇਆ/ਮਾਮਾ ਵਗ਼ੈਰਾ
- ਚਾਚੀ/ਤਾਈ/ਮਾਮੀ ਵਗ਼ੈਰਾ
- ਭਤੀਜੀ/ਭਾਣਜੀ
- ਭਤੀਜਾ/ਭਾਣਜਾ
- ਸਕੇ ਚਾਚੇ, ਤਾਏ, ਮਾਮੇ, ਮਾਸੀ ਜਾਂ ਭੂਆ ਦਾ ਪੁੱਤਰ/ਧੀ

ੲ) ਉੱਪਰ ਦੱਸੇ ਅ) ਵਾਲੇ ਲੋਕਾਂ ਨਾਲ ਹੇਠ ਲਿਖੇ ਰਿਸ਼ਤਿਆਂ ਵਿਚੋਂ ਕੋਈ

- ਵਿਆਹੁਤਾ ਸਾਥੀ
- ਸਾਬਕਾ ਵਿਆਹੁਤਾ ਸਾਥੀ
- ਪਤੀ/ਪਤਨੀ ਵਾਂਗ ਨਾਲ ਰਹਿਣ ਵਾਲਾ/ਵਾਲੀ
- ਬੀਤੇ ਸਮੇਂ ਵਿਚ ਪਤੀ/ਪਤਨੀ ਵਾਂਗ ਨਾਲ ਰਹਿਣ ਵਾਲਾ/ਵਾਲੀ
- ਸਿਵਿਲ ਪਾਰਟਨਰ

ਸ) • ਉਸ ਘਰ ਵਿਚ ਹੁਣ ਜਾਂ ਪਹਿਲਾਂ ਰਹਿਣ ਵਾਲਾ/ਵਾਲੀ ਕੋਈ ਵੀ

ਹ) ● ਕੋਈ ਵਿਅਕਤੀ ਜਿਹਦੇ ਨਾਲ ਅਰਜ਼ੀ ਦੇਣ ਵਾਲਾ/ਵਾਲੀ ਵਿਆਹ ਕਰਨ ਲਈ ਜਾਂ ਸਿਵਿਲ ਪਾਰਟਨਰ ਬਣਨ ਲਈ ਮੰਨਿਆ/ਮੰਨੀ; ਪਰ ਇਹ ਸਮਝੌਤਾ ਟੁੱਟ ਗਿਆ - ਸਮਝੌਤਾ ਟੁੱਟਣ ਮਗਰੋਂ ਸਿਰਫ਼ 3 ਸਾਲਾਂ ਦੇ ਅੰਦਰ

ਕ) ● ਜੇ ਬਿਨੈਕਾਰ ਕਿਸੇ ਬੱਚੇ ਦਾ/ਦੀ ਪਿਤਾ/ਮਾਤਾ ਹੈ ਜਾਂ ਬੱਚੇ ਲਈ ਉਹਦੀ ਮਾਪਿਆਂ ਵਾਲੀ ਜ਼ਿੰਮੇਦਾਰੀ ਹੈ, ਕੋਈ ਹੋਰ ਮਾਤਾ ਜਾਂ ਪਿਤਾ ਜਾਂ ਬੱਚੇ ਦੀ ਜ਼ਿੰਮੇਦਾਰੀ ਰੱਖਣ ਵਾਲਾ/ਵਾਲੀ ਕੋਈ ਹੋਰ ਵਿਅਕਤੀ

ਖ) ● ਜੇ ਬੱਚਾ ਗੋਦ ਲਿਆ ਗਿਆ ਹੈ ਜਾਂ ਗੋਦ ਲੈਣ ਲਈ ਆਜ਼ਾਦ ਕੀਤਾ ਗਿਆ ਹੈ:

i) ਕੁਦਰਤੀ ਮਾਤਾ ਜਾਂ ਪਿਤਾ, ਜਾਂ ਅਜਿਹੇ ਕੁਦਰਤੀ ਮਾਤਾ/ਪਿਤਾ ਦਾ/ਦੀ ਮਾਤਾ ਜਾਂ ਪਿਤਾ;

ii) ਬੱਚੇ ਦੇ ਨਾਲ ਜਾਂ ਬੱਚੇ ਦੇ ਮਾਤਾ ਜਾਂ ਪਿਤਾ ਨਾਲ ਗੋਦ ਲੈਣ ਦੇ ਆਰਡਰ ਰਾਹੀਂ, ਜਾਂ ਗੋਦ ਲੈਣ ਦੇ ਆਰਡਰ ਲਈ ਅਰਜ਼ੀ ਦੇਣ ਵਾਲੇ ਨਾਲ, ਜਾਂ ਉਹਦੇ ਨਾਲ ਜਿਹਦੇ ਕੋਲ ਬੱਚੇ ਨੂੰ ਕਿਸੇ ਵੇਲੇ ਗੋਦ ਲੈਣ ਲਈ ਰੱਖਿਆ ਗਿਆ ਸੀ

ਵਰਗ i) ਵਿਚ ਸ਼ਾਮਿਲ ਕੋਈ ਵੀ ਵਿਅਕਤੀ ਵਰਗ ii) ਵਿਚ ਸ਼ਾਮਿਲ ਕਿਸੇ ਵਿਅਕਤੀ ਦੇ ਵਿਰੁੱਧ ਆਰਡਰ ਲਈ ਅਰਜ਼ੀ ਦੇ ਸਕਦਾ/ਸਕਦੀ ਹੈ।

ਗ) ● ਫ਼ੈਮਲੀ ਪ੍ਰੋਸੀਡਿੰਗਜ਼ ਵਿਚ ਸ਼ਾਮਿਲ ਕੋਈ ਹੋਰ ਧਿਰ

**ਨੋਟ:** ਜਿਵੇਂ ਉੱਪਰ ਦੇਖਿਆ ਜਾ ਸਕਦਾ ਹੈ ਕਿ ਇਹ ਫ਼ੈਸਲਾ ਕਰਨ ਲਈ ਵਰਤੀਆਂ ਜਾਣ ਵਾਲੀਆਂ ਸ਼ਰਤਾਂ ਕਾਫ਼ੀ ਵਿਸ਼ਾਲ ਹਨ ਕਿ ਫ਼ੈਮਿਲੀ ਲਾਅ ਐਕਟ 1996 ਦੇ ਹਿੱਸਾ 4 ਤਹਿਤ ਕੌਣ ਅਰਜ਼ੀ ਦੇ ਸਕਦਾ/ਸਕਦੀ ਹੈ। ਆਮ ਤੌਰ 'ਤੇ, ਜੇ ਪੀੜਿਤ ਦਾ ਸੰਬੰਧ ਹਿੰਸਾ ਕਰਨ ਵਾਲੇ/ਵਾਲੀ ਨਾਲ ਹੋਵੇ, ਤਾਂ ਇਸ ਕਾਨੂੰਨ ਰਾਹੀਂ ਹਿਫ਼ਾਜ਼ਤ ਲਈ ਜਾ ਸਕਦੀ ਹੈ। ਪਰ ਤਦ ਨਹੀਂ ਜੇ ਪੀੜਿਤ ਕਦੇ ਵੀ ਦੋਸ਼ੀ ਨਾਲ ਨਹੀਂ ਰਿਹਾ/ਰਹੀ, ਦੋਸ਼ੀ ਨਾਲ ਉਹਦਾ ਵਿਆਹ ਨਹੀਂ ਹੋਇਆ, ਜਾਂ ਦੋਸ਼ੀ ਤੋਂ ਉਹਦੇ ਕੋਈ ਬੱਚੇ ਨਹੀਂ ਹੋਏ।

## ਅੰਤਿਕਾ ਬੀਃ ਖ਼ਤਰੇ ਵਿਚ ਪੈ ਸਕਣ ਵਾਲੇ  ਅਤੇ ਡਰਾਏ ਧਮਕਾਏ ਗਵਾਹਾਂ ਲਈ ਖ਼ਾਸ ਪ੍ਰਬੰਧ

ਹੇਠਾਂ ਦਿੱਤੇ ਟੇਬਲ ਵਿਚ ਦੱਸਿਆ ਗਿਆ ਹੈ ਕਿ ਯੂਥ ਐਂਡ ਕ੍ਰਿਮੀਨਲ ਐਵੀਡੈਂਸ ਐਕਟ (1999) (ਵਾਈ ਜੇ ਸੀ ਈ) ਦੇ ਤਹਿਤ ਇੰਗਲੈਂਡ ਅਤੇ ਵੇਲਜ਼ ਦੀਆਂ ਅਦਾਲਤਾਂ ਵਿਚ ਕਿਹੜੇ ਪ੍ਰਬੰਧ ਕੀਤੇ ਗਏ ਹਨ।

| ਖ਼ਾਸ ਪ੍ਰਬੰਧ | **1999 ਦੇ ਵਾਈ ਜੇ ਸੀ ਈ ਐਕਟ ਵਿਚ ਹਵਾਲਾ** | **ਸੈਕਸ਼ਨ 16**<br>ਗਵਾਹ (ਬੱਚੇ ਅਤੇ ਖ਼ਤਰੇ ਵਿਚ ਪੈ ਸਕਣ ਵਾਲੇ ਬਾਲਿਗ) | **ਸੈਕਸ਼ਨ 17**<br>ਗਵਾਹ (ਡਰਾਉਣਾ/ਦੁਖੀ ਹੋਣ ਦਾ ਡਰ) |
|---|---|---|---|
| **ਗਵਾਹਾਂ ਨੂੰ ਦੋਸ਼ੀ ਕੋਲੋਂ ਲੁਕੋ ਕੇ ਰੱਖਣਾ** | s.23 | ਪੂਰੀ ਤਰ੍ਹਾਂ ਲਾਗੂ | ਪੂਰੀ ਤਰ੍ਹਾਂ ਲਾਗੂ |
| **ਲਾਈਵ ਲਿੰਕ ਰਾਹੀਂ ਗਵਾਹੀ ਲੈਣਾ** | s.24 | ਪੂਰੀ ਤਰ੍ਹਾਂ ਲਾਗੂ | ਪੂਰੀ ਤਰ੍ਹਾਂ ਲਾਗੂ |
| **ਪ੍ਰਾਈਵੇਟ ਢੰਗ ਨਾਲ ਗਵਾਹੀ ਦੇਣਾ** | s.25 | ਪੂਰੀ ਤਰ੍ਹਾਂ ਲਾਗੂ | ਪੂਰੀ ਤਰ੍ਹਾਂ ਲਾਗੂ |
| **ਵਿਗ ਅਤੇ ਗਾਊਨ ਲਾਹੁਣਾ** | s.26 | ਸਿਰਫ਼ ਕ੍ਰਾਊਨ ਕੋਰਟਾਂ ਵਿਚ | ਸਿਰਫ਼ ਕ੍ਰਾਊਨ ਕੋਰਟਾਂ ਵਿਚ |
| **ਮੁੱਖ ਗਵਾਹੀ ਵਿਡੀਓ 'ਤੇ ਰਿਕਾਰਡ ਕਰਨਾ** | s.27 | ਕ੍ਰਾਊਨ ਕੋਰਟਾਂ ਵਿਚ, ਪਰ ਕੁਝ ਹਦ ਤਕ ਮੈਜਿਸਟਰੈਟਸ ਕੋਰਟਾਂ ਵਿਚ ਵੀ - ਗਵਾਹੀ ਦੇਣ ਵਾਲੇ ਉਹਨਾਂ ਬੱਚਿਆਂ ਲਈ ਜਿਹਨਾਂ ਨੂੰ **ਸਿਰਫ਼** ਖ਼ਾਸ ਸੁਰੱਖਿਆ ਦੀ ਲੋੜ ਹੋਵੇ - ਕੁਝ ਹੱਦ ਤਕ ਪਾਇਲਟ (ਆਜ਼ਮਾਇਸ਼ੀ) ਇਲਾਕਿਆਂ ਵਿਚ ਵੀ | ਵੁੱਡ ਗਰੀਨ ਅਤੇ ਸ਼ੈਫ਼ੀਲਡ ਕ੍ਰਾਊਨ ਕੋਰਟਾਂ ਤੋਂ ਸਿਵਾ ਹੋਰ ਕਿਧਰੇ ਲਾਗੂ ਨਹੀਂ |
| **ਕਿਸੇ ਵਿਚੋਲੇ ਰਾਹੀਂ ਪੁੱਛ ਗਿੱਛ ਕਰਨਾ** | s.29 | | ਲਾਗੂ ਨਹੀਂ ਹੁੰਦਾ |
| **ਗੱਲਬਾਤ ਸਮਝਣ ਅਤੇ ਸਮਝਾਉਣ ਵਿਚ ਮਦਦ** | s.30 | ਪੂਰੀ ਤਰ੍ਹਾਂ ਲਾਗੂ | ਲਾਗੂ ਨਹੀਂ ਹੁੰਦਾ |

ਯੂਥ ਐਂਡ ਕ੍ਰਿਮੀਨਲ ਐਵੀਡੈਂਸ ਐਕਟ (1999) (ਵਾਈ ਜੇ ਸੀ ਈ ਏ) ਦੇ ਸੈਕਸ਼ਨ s34-40 ਵਿਚ ਪੀੜਿਤਾਂ ਅਤੇ ਗਵਾਹਾਂ ਨੂੰ ਜਿਰਹ ਦੋਸ਼ੀ ਵਿਅਕਤੀ ਵਲੋਂ ਖ਼ੁਦ ਕੀਤੀ ਜਾਣ ਵਾਲੀ ਜਿਰਹ ਤੋਂ ਬਚਾਉਣ ਦੀਆਂ ਸ਼ਕਤੀਆਂ ਹਨ, ਭਾਵੇਂ ਇਹ ਅਸਲ ਵਿਚ ਖ਼ਾਸ ਪ੍ਰਬੰਧ ਨਹੀਂ ਹਨ।

ਖ਼ਾਸ ਤੌਰ 'ਤੇ, ਇਸ ਐਕਟ ਦੇ ਸੈਕਸ਼ਨ s38 ਦੇ ਅਨੁਸਾਰ, ਅਦਾਲਤ ਲਈ ਲਾਜ਼ਮੀ ਹੈ ਕਿ ਉਹ ਦੋਸ਼ੀ ਨੂੰ ਕਾਫ਼ੀ ਸਮਾਂ ਦੇਵੇ ਤਾਕਿ ਉਹ ਪੀੜਿਤ ਵਿਅਕਤੀ ਨਾਲ ਜਿਰਹ ਕਰਨ ਲਈ ਵਕੀਲ ਕਰ ਸਕੇ। ਜੇ ਇਹ ਸਮਾਂ ਪੂਰਾ ਹੋਣ ਤਕ ਕੋਈ ਵੀ ਵਕੀਲ ਨਾ ਕੀਤਾ ਜਾਏ, ਤਾਂ ਅਦਾਲਤ ਲਈ ਇਹ ਵਿਚਾਰ ਕਰਨਾ ਲਾਜ਼ਮੀ ਹੈ ਕਿ ਕੀ ਉਹ ਖ਼ੁਦ ਦੋਸ਼ੀ ਵਲੋਂ ਪੀੜਿਤ ਨਾਲ ਜਿਰਹ ਕਰਨ ਲਈ ਵਕੀਲ ਮੁਕੱਰਰ ਕਰੇ। ਇਹਨਾਂ ਹਾਲਤਾਂ ਵਿਚ ਵਕੀਲ ਕਰਨ ਦਾ ਖ਼ਰਚ ਸੈਂਟਰਲ ਫ਼ੰਡਾਂ ਵਿਚੋਂ ਕੀਤਾ ਜਾਂਦਾ ਹੈ।

## ਅੰਤਿਕਾ ਸੀ: ਵਰਤੇ ਗਏ ਕੁਝ ਸ਼ਬਦਾਂ ਦਾ ਅਰਥ

### ਘਟਾਇਆ ਸਮਾਂ (Abridged Time)

ਸੁਣਵਾਈ ਲਈ ਨੋਟਿਸ ਦੇਣ ਦਾ ਆਮ ਸਮਾਂ 'ਘਟਾਇਆ' ਜਾ ਸਕਦਾ ਹੈ, ਖ਼ਾਸ ਤੌਰ 'ਤੇ ਜੇ ਅਰਜ਼ੀ ਆਕਿਉਪੇਸ਼ਨ ਆਰਡਰ ਲਈ ਹੋਵੇ, ਅਤੇ ਕੇਸ ਨੂੰ ਆਮ ਨਾਲੋਂ ਘੱਟ ਸਮੇਂ ਵਿਚ ਲਿਸਟ ਵਿਚ ਰੱਖ ਲਿਆ ਜਾਂਦਾ ਹੈ। ਬਿਨੈਕਾਰ ਨੂੰ ਹਾਲੇ ਵੀ ਸਾਬਿਤ ਕਰਨਾ ਪੈਂਦਾ ਹੈ ਕਿ ਮੁਦਾਲੇ ਨੂੰ ਸੂਚਨਾ ਦਿੱਤੀ ਗਈ ਹੈ ਕਿ ਅਰਜ਼ੀ ਦੇ ਨਤੀਜੇ ਵਜੋਂ ਅਜਿਹਾ ਆਰਡਰ ਜਾਰੀ ਹੋ ਸਕਦਾ ਹੈ ਜਿਹਦੇ ਨਾਲ ਉਹਨੂੰ ਪਰਿਵਾਰਕ ਘਰ ਵਿਚੋਂ ਕੱਢਿਆ ਜਾ ਸਕਦਾ ਹੈ। ਸੁਝਾਓ ਹੈ ਕਿ ਅਦਾਲਤ ਵਲੋਂ ਅਜਿਹਾ ਆਰਡਰ ਜਾਰੀ ਕਰਨ ਦੀ ਸੰਭਾਵਨਾ ਦੋਹਾਂ ਧਿਰਾਂ ਦੇ ਵਿਚਾਰ ਸੁਣਨ ਮਗਰੋਂ ਹੈ।

### ਜ਼ਮਾਨਤ (Bail)

ਮੁਕੱਦਮੇ ਜਾਂ ਜੁਰਮ ਸਾਬਤ ਹੋਣ ਮਗਰੋਂ ਕੀਤੀ ਅਪੀਲ ਦੀ ਸੁਣਵਾਈ ਦੀ ਉਡੀਕ ਕਰ ਰਹੇ ਹਿਰਾਸਤ ਵਿਚ ਰੱਖੇ ਕਿਸੇ ਵਿਅਕਤੀ ਨੂੰ ਪੁਲਿਸ ਜਾਂ ਅਦਾਲਤ ਵਲੋਂ ਹਿਰਾਸਤ ਵਿਚੋਂ ਛੱਡਿਆ ਜਾਣਾ। ਜ਼ਮਾਨਤ 'ਤੇ ਛੱਡੇ ਕਿਸੇ ਵਿਅਕਤੀ 'ਤੇ ਸ਼ਰਤਾਂ ਲਾਈਆਂ ਜਾ ਸਕਦੀਆਂ ਹਨ, ਜਿਵੇਂ ਕਿ ਕੋਈ ਜੁਰਮ ਨਾ ਕਰਨਾ ਅਤੇ ਖ਼ਾਸ ਥਾਂ ਤੋਂ ਬਾਹਰ ਜਾਂ ਦੂਰ ਰਹਿਣਾ।

### ਰੋਕ ਲਾਉਣ ਵਾਲਾ ਆਰਡਰ (ਸ਼ਾਂਤੀ ਰੱਖਣ ਲਈ) (Binding over) (to keep the peace)

ਰੋਕ ਲਾਉਣ ਦਾ ਆਰਡਰ ਅਰਜ਼ੀ (ਜਾਂ 'ਸ਼ਿਕਾਇਤ') ਆਉਣ 'ਤੇ ਜਾਂ ਅਦਾਲਤ ਵਲੋਂ ਆਪਣੇ ਆਪ ਜਾਰੀ ਕੀਤਾ ਜਾ ਸਕਦਾ ਹੈ। ਜਿਹਦੇ 'ਤੇ ਇਹ ਆਰਡਰ ਲਾਗੂ ਹੋਵੇ ਉਹਨੂੰ ਆਪਣਾ ਵਤੀਰਾ ਚੰਗਾ ਰੱਖਣਾ ਪੈਂਦਾ ਹੈ ਅਤੇ ਇਹ ਮੰਨਣਾ ਪੈਂਦਾ ਹੈ (ਇਕ ਦਸਤਾਵੇਜ਼ 'ਤੇ ਦਸਤਖ਼ਤ ਕਰਕੇ) ਕਿ ਉਹ ਇਕ ਨਿਸ਼ਚਿਤ ਸਮੇਂ ਲਈ ਸ਼ਾਂਤੀ ਰੱਖੇਗਾ/ਰੱਖੇਗੀ। ਜੇ ਉਹ ਅਜਿਹਾ ਨਾ ਕਰੇ, ਤਾਂ ਮੂਲ ਆਰਡਰ ਵਿਚ ਅਦਾਲਤ ਵਲੋਂ ਦੱਸੀ ਗਈ ਪੂਰੀ ਰਕਮ ਜਾਂ ਇਹਦਾ ਕੁਝ ਹਿੱਸਾ ਉਹਨੂੰ ਦੇਣਾ ਪੈਂਦਾ ਹੈ।

### ਦੇਖਭਾਲ ਦਾ ਆਰਡਰ (Care order)

ਚਿਲਡਰਨ ਐਕਟ 1989 ਦੇ ਤਹਿਤ ਦਿੱਤਾ ਜਾਣ ਵਾਲਾ ਆਰਡਰ ਜਿਹਦੇ ਅਨੁਸਾਰ ਕਿਸੇ ਬੱਚੇ ਦੀ ਦੇਖਭਾਲ ਦਾ ਕੰਮ ਲੋਕਲ ਅਥਾਰਿਟੀ ਨੂੰ ਸੰਭਾਲ ਦਿੱਤਾ ਜਾਂਦਾ ਹੈ। ਇਹਦੇ ਲਈ ਅਰਜ਼ੀ ਸਿਰਫ਼ ਲੋਕਲ ਅਥਾਰਿਟੀ ਜਾਂ ਸੈਕ੍ਰੇਟਰੀ ਆੱਫ਼ ਸਟੇਟ ਵਲੋਂ ਮੁਕੱਰਰ ਕੋਈ ਵਿਅਕਤੀ ਦੇ ਸਕਦਾ ਹੈ। ਅਦਾਲਤ ਕੋਲ ਦੇਖਭਾਲ ਦਾ ਆਰਡਰ ਦੇਣ ਵਾਲੀ ਸ਼ਕਤੀ ਉਸੇ ਹਾਲਤ ਵਿਚ ਹੁੰਦੀ ਹੈ ਜੇ ਉਹਨੂੰ ਤਸੱਲੀ ਹੋ ਜਾਏ ਕਿ ਬੱਚੇ ਦੇ ਮਾਪਿਆਂ ਵਲੋਂ ਕੀਤੀ ਜਾਣ ਵਾਲੀ ਦੇਖਭਾਲ ਕਾਰਨ ਜਾਂ ਦੇਖਭਾਲ ਨਾ ਹੋਣ ਕਾਰਨ ਤਕਲੀਫ਼ ਜਾਂ ਕਾਫ਼ੀ ਨੁਕਸਾਨ ਹੋ ਰਿਹਾ ਹੈ, ਜਾਂ ਹੋ ਸਕਦਾ ਹੈ। ਕਈ ਵਾਰ ਅਜਿਹਾ ਇਸ ਲਈ ਵੀ ਕੀਤਾ ਜਾਂਦਾ ਹੈ ਕਿਉਂਕਿ ਮਾਪਿਆਂ ਨੇ ਬੱਚੇ ਨੂੰ ਕੋਈ ਨੁਕਸਾਨ ਪਹੁੰਚਾਉਣ ਵਾਲਾ ਕੋਈ ਕੰਮ ਕੀਤਾ ਹੈ ਜਾਂ ਉਹਨਾਂ ਨੇ ਕਿਸੇ ਹੋਰ ਨੂੰ ਇਹ ਕੰਮ ਕਰਨ ਦਿੱਤਾ ਹੈ। ਇਹਨਾਂ ਕੰਮਾਂ ਵਿਚ ਸਰੀਰਕ ਨੁਕਸਾਨ ਪਹੁੰਚਾਉਣਾ ਜਾਂ ਜਿਨਸੀ ਬਦਸਲੂਕੀ ਸ਼ਾਮਿਲ ਹਨ। ਸਰੀਰਕ ਨੁਕਸਾਨ ਅਤੇ ਜਿਨਸੀ ਬਦਸਲੂਕੀ ਦੋਵੇਂ ਜਜ਼ਬਾਤੀ ਨੁਕਸਾਨ ਹਨ (ਚਿਲਡਰਨ ਐਕਟ 1989 ਦਾ ਸੈਕਸ਼ਨ 31)

### ਕਲੇਮ ਫ਼ਾਰਮ (ਸਿਵਿਲ) (Claim form) (Civil)

ਰਸਮੀ ਤੌਰ 'ਤੇ ਲਿਖਿਆ ਬਿਆਨ ਜਿਸ ਵਿਚ ਕਲੇਮ ਕਰਨ ਵਾਲੇ/ਵਾਲੀ ਵਲੋਂ ਮੰਗੇ ਜਾ ਰਹੇ ਇਨਸਾਫ਼ ਬਾਰੇ ਲਿਖਿਆ ਹੁੰਦਾ ਹੈ। ਇਸ ਫ਼ਾਰਮ ਵਿਚ ਕਲੇਮ ਦੇ ਬਾਰੇ ਜਾਣਕਾਰੀ, ਪਿਛੋਕੜ ਬਾਰੇ ਜਾਣਕਾਰੀ - ਜਿਵੇਂ ਕੇਸ ਨਾਲ ਸੰਬੰਧਤ ਘਟਨਾਵਾਂ ਦੀ ਥਾਂ ਅਤੇ ਤਾਰੀਖ਼ - ਵੀ ਦਿੱਤੀ ਜਾ ਸਕਦੀ ਹੈ। ਜੇ ਇਹ ਜਾਣਕਾਰੀ ਤੁਹਾਡੇ ਕਲੇਮ ਫ਼ਾਰਮ 'ਤੇ ਨਾ ਦਿੱਤੀ ਜਾ ਸਕੇ, ਤਾਂ ਕਲੇਮ ਦੇਣ ਮਗਰੋਂ ਇਹ 14 ਦਿਨਾਂ ਦੇ ਅੰਦਰ ਅਦਾਲਤ ਨੂੰ ਭੇਜੀ ਜਾ ਸਕਦੀ ਹੈ।

**ਜੇਲ੍ਹ ਭੇਜਣ ਲਈ ਸੁਣਵਾਈ (ਸਿਵਿਲ) (Committal hearing) (Civil)**

ਅਦਾਲਤ ਦਾ ਫ਼ੈਸਲਾ ਲਾਗੂ ਕਰਵਾਉਣ ਦਾ ਇਕ ਢੰਗ, ਜਿਸ ਵਿਚ ਇਹ ਆਰਡਰ ਲਿਆ ਜਾਂਦਾ ਹੈ ਕਿ ਕਿਸੇ ਵਿਅਕਤੀ ਨੂੰ ਜੇਲ੍ਹ ਭੇਜਿਆ ਜਾਏ। ਇਹ ਆਰਡਰ ਜ਼ਿਆਦਾਤਰ ਉਹਨਾਂ ਹਾਲਤਾਂ ਵਿਚ ਲਿਆ ਜਾਂਦਾ ਹੈ ਜਦ ਕਿਸੇ ਨੇ ਅਦਾਲਤ ਦੀ ਤੌਹੀਨ ਕੀਤੀ ਹੋਵੇ, ਜਿਵੇਂ ਕਿ ਅਦਾਲਤ ਦਾ ਹੁਕਮ ਨਾ ਮੰਨ ਕੇ।

**ਸ਼ਰਤੀ ਰਿਹਾਈ (Conditional discharge)**

ਕਿਸੇ ਮੁਜਰਿਮ ਨੂੰ ਲੱਗਭਗ ਤਿੰਨ ਸਾਲਾਂ ਲਈ ਸ਼ਰਤੀ ਰਿਹਾਈ ਦਿੱਤੀ ਜਾ ਸਕਦੀ ਹੈ। ਸ਼ਰਤ ਇਹ ਹੁੰਦੀ ਹੈ ਕਿ ਇਸ ਸਮੇਂ ਵਿਚ ਉਹ ਕੋਈ ਜੁਰਮ ਨਹੀਂ ਕਰੇਗਾ/ਕਰੇਗੀ। ਫਿਰ ਇਹ ਰਿਹਾਈ ਖ਼ਤਮ ਹੋ ਜਾਂਦੀ ਹੈ। ਜੇ ਅਦਾਲਤ ਵਲੋਂ ਮਿੱਥੇ ਸਮੇਂ ਵਿਚ ਕੋਈ ਜੁਰਮ ਕੀਤਾ ਜਾਏ, ਤਾਂ ਮੁਜਰਿਮ ਨੂੰ ਉਸ ਜੁਰਮ ਦੀ ਨਵੇਂ ਸਿਰਿਓਂ ਸਜ਼ਾ ਮਿਲਦੀ ਹੈ ਜਿਹਦੇ ਸੰਬੰਧ ਵਿਚ ਸ਼ਰਤੀ ਰਿਹਾਈ ਕੀਤੀ ਗਈ ਸੀ। ਫਿਰ ਮੁਜਰਿਮ ਨੂੰ ਦੋ ਜੁਰਮਾਂ ਦੀਆਂ ਸਜ਼ਾਵਾਂ ਮਿਲ ਸਕਦੀਆਂ ਹਨ - ਪੁਰਾਣੇ ਅਤੇ ਨਵੇਂ ਜੁਰਮ ਦੀਆਂ। ਸ਼ਰਤੀ ਰਿਹਾਈ ਨੂੰ ਜੁਰਮ ਦਾ ਸਾਬਤ ਹੋਣਾ ਵੀ ਮੰਨਿਆ ਜਾਂਦਾ ਹੈ।

**ਸੰਪਰਕ ਕਰਨ ਦਾ ਕੰਮ (ਚਿਲਡਰਨ ਐਂਡ ਅਡੌਪਸ਼ਨ ਐਕਟ 2006) (Contact Activity) (Children and Adoption Act 2006)**

ਸੰਪਰਕ ਕਰਨ ਦਾ ਕੰਮ ਉਸ ਗ਼ੈਰ-ਰਸਮੀ ਕਿਸਮ ਦੇ ਸੈਸ਼ਨ, ਪ੍ਰੋਗਰਾਮ, ਕਲਾਸ, ਸਲਾਹ ਮਸ਼ਵਰਾ ਦੇਣ ਦੇ ਸੈਸ਼ਨ ਜਾਂ ਕਿਸੇ ਹੋਰ ਕੰਮ ਨੂੰ ਆਖਿਆ ਜਾਂਦਾ ਹੈ ਜਿਹਦਾ ਮੰਤਵ ਕਿਸੇ ਵਿਅਕਤੀ ਦੀ ਬੱਚੇ ਨਾਲ ਸੰਪਰਕ ਕਾਇਮ ਕਰਨ ਜਾਂ ਸੰਪਰਕ ਵਿਚ ਸੁਧਾਰ ਕਰਨ ਵਿਚ ਮਦਦ ਕਰਨਾ ਹੈ। ਵੱਖਰੇ ਹੋ ਗਏ ਜਾਂ ਤਲਾਕ ਲੈ ਚੁੱਕੇ ਜਿਹੜੇ ਮਾਪੇ ਬੱਚੇ ਨਾਲ ਸੰਪਰਕ ਰੱਖਣ ਬਾਰੇ ਸਹਿਮਤ ਨਹੀਂ ਹੋ ਸਕਦੇ, ਉਹਨਾਂ ਦੀ ਮਦਦ ਦੇ ਕੰਮ ਵਿਚ ਇਹ ਨਵਾਂ ਵਾਧਾ ਹੈ। ਮਾਤਾ ਪਿਤਾ ਫ਼ੈਸਲਾ ਲੈਣ ਲਈ ਆਪਣਾ ਕੇਸ ਫ਼ੈਮਿਲੀ ਕੋਰਟ ਕੋਲ ਭੇਜ ਸਕਦੇ ਹਨ। ਬੱਚਿਆਂ ਬਾਰੇ ਅਦਾਲਤਾਂ ਕੋਲ ਆਏ ਜ਼ਿਆਦਾਤਰ ਕੇਸ ਉਹਨਾਂ ਮਾਪਿਆਂ ਵਿਚਕਾਰ ਝਗੜੇ ਦੇ ਹੁੰਦੇ ਹਨ ਜੋ ਰਿਹਾਇਸ਼ ਅਤੇ ਬੱਚਿਆਂ ਨਾਲ ਸੰਪਰਕ ਦੇ ਮਸਲੇ ਨਹੀਂ ਸੁਲਝਾ ਸਕਦੇ। ਆਮ ਤੌਰ 'ਤੇ ਭੇਜੇ ਗਏ ਕੇਸਾਂ ਵਿਚ 'ਬੱਚਿਆਂ ਨੂੰ ਰੱਖਣ' ਜਾਂ 'ਸੰਪਰਕ ਕਰਨ' ਦੇ ਕੇਸ ਵੀ ਹੁੰਦੇ ਹਨ। (ਚਿਲਡਰਨ ਐਂਡ ਅਡੌਪਸ਼ਨ ਐਕਟ 2006 ਰਾਹੀਂ ਚਿਲਡਰਨ ਐਕਟ 1989 ਦੇ ਸੈਕਸ਼ਨ 8 ਵਿਚ ਕੀਤੀ ਗਈ ਸੋਧ)।

**ਅਦਾਲਤ ਦੀ ਤੌਹੀਨ (Contempt of court)**

ਅਦਾਲਤ ਦੇ ਹੁਕਮ ਜਾਂ ਢੰਗਾਂ ਦਾ ਪਾਲਣ ਨਾ ਕਰਨਾ, ਜਿਵੇਂ ਨੌਨ-ਮੋਲੈਸਟੇਸ਼ਨ ਆਰਡਰ ਦਾ ਉਲੰਘਣ ਕਰਨਾ ਅਦਾਲਤ ਦੀ ਤੌਹੀਨ ਹੈ। ਸਜ਼ਾ ਦਾ ਨੋਟਿਸ ਲਾ ਕੇ ਇਸ ਆਰਡਰ ਲੈਣ ਵਾਲੇ (ਜਵਾਬਦੇਹ ਧਿਰ) ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਜੇ ਉਹ ਅਦਾਲਤ ਦੀ ਤੌਹੀਨ ਕਰੇਗਾ ਤਾਂ ਉਹ ਜੇਲ੍ਹ ਜਾਣ ਦਾ ਖ਼ਤਰਾ ਮੁੱਲ ਲਏਗਾ।

**ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (Crown Prosecution Service)**

ਸੀ ਪੀ ਐੱਸ ਸਰਕਾਰੀ ਮਹਿਕਮਾ ਜੋ ਪੁਲਿਸ ਤੋਂ ਪੂਰੀ ਤਰ੍ਹਾਂ ਸੁਤੰਤਰ ਹੈ ਪਰ ਮੁਕੱਦਮਾ ਚਲਾਉਣ ਵਾਲੀ ਟੀਮ ਵਿਚ ਪੁਲਿਸ ਦੇ ਪੂਰੇ ਸਹਿਯੋਗ ਨਾਲ ਕੰਮ ਕਰਦਾ ਹੈ। ਸੀ ਪੀ ਐੱਸ ਇੰਗਲੈਂਡ ਅਤੇ ਵੇਲਜ਼ ਵਿਚ ਲੋਕਾਂ 'ਤੇ ਜੁਰਮ ਦਾ ਦੋਸ਼ ਲਾ ਕੇ ਉਹਨਾਂ 'ਤੇ ਮੁਕੱਦਮੇ ਚਲਾਉਂਦੀ ਹੈ। ਇਹ ਪੁਲਿਸ ਨੂੰ ਚਲ ਸਕਣ ਵਾਲੇ ਮੁਕੱਦਮਿਆਂ ਬਾਰੇ ਸਲਾਹ ਵੀ ਦਿੰਦੀ ਹੈ; ਅਦਾਲਤਾਂ ਵਿਚ ਲਿਜਾਣ ਲਈ ਕੇਸ ਤਿਆਰ ਕਰਦੀ ਹੈ; ਮੈਜਿਸਟ੍ਰੇਟਸ ਕੋਰਟਾਂ ਅਤੇ ਕ੍ਰਾਊਨ ਕੋਰਟਾਂ ਵਿਚ ਮੁਕੱਦਮੇ ਚਲਾਉਂਦੀ ਹੈ; ਅਤੇ ਕ੍ਰਾਊਨ ਕੋਰਟਾਂ ਅਤੇ ਉਚੇਰੀਆਂ ਕੋਰਟਾਂ ਵਿਚ ਮੁਕੱਦਮਾ ਲੜਨ ਵਾਲੇ ਵਕੀਲਾਂ ਨੂੰ ਹਿਦਾਇਤਾਂ ਦਿੰਦੀ ਹੈ।

**"ਆਈਦਰ ਵੇਅ" ਜਾਂ ਦੋਹਾਂ ਵਿਚੋਂ ਕਿਸੇ ਵੀ ਕਿਸਮ ਦਾ ਕੇਸ ("Either way")**

ਅਜਿਹੇ ਕੇਸ ਨੂੰ ਆਖਿਆ ਜਾਂਦਾ ਹੈ "ਜੋ ਦੋਂਹ ਵਿਚੋਂ ਕਿਸੇ ਵੀ ਢੰਗ ਨਾਲ ਚਲਾਇਆ" ਜਾ ਸਕਦਾ ਹੈ ਜਾਂ "ਦੋਹਾਂ ਵਿਚੋਂ ਕਿਸੇ ਵੀ ਕਿਸਮ ਦਾ" ਜੁਰਮ ਹੋ ਸਕਦਾ ਹੈ। ਇਹਦਾ ਮਤਲਬ ਹੈ ਕਿ ਇਹਦਾ ਮੁਕੱਦਮਾ ਜਾਂ ਮੈਜਿਸਟ੍ਰੇਟਸ ਕੋਰਟ ਵਿਚ ਜਾਂ ਕ੍ਰਾਊਨ ਕੋਰਟ ਵਿਚ ਚਲਾਇਆ ਜਾ ਸਕਦਾ ਹੈ। ਮੈਜਿਸਟ੍ਰੇਟਸ ਕੋਰਟ ਕੋਈ ਕੇਸ ਸੁਣਵਾਈ ਲਈ ਕ੍ਰਾਊਨ ਕੋਰਟ ਭੇਜ

ਸਕਦੀ ਹੈ; ਸੀ ਪੀ ਐੱਸ ਵੀ ਬੇਨਤੀ ਕਰ ਸਕਦੀ ਹੈ ਕਿ ਕੋਈ ਕੇਸ ਕ੍ਰਾਊਨ ਕੋਰਟ ਵਿਚ ਚਲਾਇਆ ਜਾਏ, ਜਾਂ ਦੋਸ਼ੀ ਵੀ ਆਪਣਾ ਕੇਸ ਕ੍ਰਾਊਨ ਕੋਰਟ ਵਿਚ ਚਲਵਾਉਣ ਦਾ ਫ਼ੈਸਲਾ ਕਰ ਸਕਦਾ/ਸਕਦੀ ਹੈ।

### ਹੰਗਾਮੀ ਹਾਲਤ ਵਿਚ ਹਿਫ਼ਾਜ਼ਤੀ ਆਰਡਰ (Emergency protection order)

ਚਿਲਡਰਨ ਐਕਟ 1989 ਦੇ ਤਹਿਤ ਜਾਰੀ ਕੀਤਾ ਜਾਣ ਵਾਲਾ ਆਰਡਰ ਜਿਹਦੇ ਰਾਹੀਂ ਕਿਸੇ ਲੋਕਲ ਅਥਾਰਿਟੀ ਜਾਂ ਕਾਨੂੰਨੀ ਤੌਰ 'ਤੇ ਕਿਸੇ ਵਿਅਕਤੀ ਨੂੰ ਹੱਕ ਦਿੱਤਾ ਜਾਂਦਾ ਹੈ ਕਿ ਉਹ ਕਿਸੇ ਬੱਚੇ ਨੂੰ ਕਿਸੇ ਸਹੀ ਕਿਸਮ ਦੀ ਰਿਹਾਇਸ਼ ਵਿਚ ਲਿਜਾ ਸਕੇ, ਜਾਂ ਬੱਚੇ ਨੂੰ ਹਸਪਤਾਲ ਤੋਂ ਬਾਹਰ ਲਿਜਾਉਣੋਂ ਰੋਕ ਸਕੇ, ਵਗ਼ੈਰਾ ਵਗ਼ੈਰਾ - ਵੱਧ ਤੋਂ ਵੱਧ 8 ਦਿਨਾਂ ਲਈ, ਜੇ ਇਹ ਮੰਨਣ ਦਾ ਕੋਈ ਜਾਇਜ਼ ਕਾਰਨ ਹੋਵੇ ਕਿ ਬੱਚੇ ਨੂੰ ਤਕਲੀਫ਼ ਹੈ, ਜਾਂ ਜੇ ਇਹ ਆਰਡਰ ਨਾ ਦਿੱਤਾ ਗਿਆ ਤਾਂ ਉਹਨੂੰ ਤਕਲੀਫ਼ ਹੋ ਸਕਦੀ ਹੈ ਜਾਂ ਉਹਨੂੰ ਕਾਫ਼ੀ ਨੁਕਸਾਨ ਪਹੁੰਚ ਸਕਦਾ ਹੈ। ਅਜਿਹੇ ਆਰਡਰ ਵਧੇਰੇ ਸਥਾਈ 'ਦੇਖਭਾਲ ਦੇ ਆਰਡਰ' (ਜਿਹਨਾਂ ਬਾਰੇ ਉੱਪਰ ਪੜ੍ਹੋ) ਲੈਣ ਲਈ ਪਹਿਲਾ ਕਦਮ ਹੋ ਸਕਦੇ ਹਨ। ਅਦਾਲਤ ਕਿਸੇ ਖ਼ਾਸ ਵਿਅਕਤੀ ਨੂੰ ਉਸ ਘਰ ਵਿਚੋਂ ਕੱਢ ਦੇਣ ਦਾ ਹੁਕਮ ਵੀ ਦੇ ਸਕਦੀ ਹੈ ਜਿਸ ਘਰ ਵਿਚ ਬੱਚਾ ਰਹਿੰਦਾ ਹੈ ਜਾਂ ਕਿਸੇ ਵਿਅਕਤੀ ਨੂੰ ਬੱਚੇ ਦੇ ਘਰ ਦੁਆਲੇ ਨਿਸ਼ਚਿਤ ਇਲਾਕੇ ਵਿਚ ਦਾਖ਼ਿਲ ਹੋਣੋਂ ਮਨ੍ਹਾ ਕਰ ਸਕਦੀ ਹੈ। (ਚਿਲਡਰਨ ਐਕਟ 1989 ਦੇ ਸੈਕਸ਼ਨ 44 ਅਤੇ 44A)

### ਐਕਸ-ਪਾਰਟੀ (ਦੇਖੋ "ਬਿਨਾਂ ਨੋਟਿਸ") (Ex-parte) (See  Without Notice)

### ਘਰੇਲੂ ਹਿੰਸਾ ਬਾਰੇ ਸੁਤੰਤਰ ਸਲਾਹਕਾਰ (ਆਈ ਡੀ ਵੀ ਏ)  (Independent Domestic Violence Advisor [IDVA]

ਘਰੇਲੂ ਹਿੰਸਾ ਬਾਰੇ ਹਰ ਖ਼ਾਸ ਅਦਾਲਤ ਦੇ ਨਾਲ ਆਈ ਡੀ ਵੀ ਏ ਦੀਆਂ ਸੇਵਾਵਾਂ ਹੁੰਦੀਆਂ ਹਨ (ਐੱਸ ਡੀ ਵੀ ਸੀ  ਨੂੰ ਵੀ ਦੇਖੋ) ਅਤੇ ਅਦਾਲਤੀ ਕਾਰਵਾਈ ਦੌਰਾਨ ਪੀੜਿਤ ਨੂੰ ਇਹਨਾਂ ਤੋਂ ਮਦਦ ਮਿਲਦੀ ਹੈ ਤੇ ਕਈ ਸਰਕਾਰੀ ਅਤੇ ਵਾਲੰਟਰੀ ਏਜੰਸੀਆਂ ਤਕ ਇਹਨਾਂ ਦੇ ਰਾਹੀਂ ਪਹੁੰਚ ਹੋ ਸਕਦੀ ਹੈ।

### ਸਿਰਫ਼ ਇੰਡਾਈਟੇਬਲ ਜੁਰਮ (Indictable only offence)

ਉਹ ਜੁਰਮ ਜਿਹਦਾ ਮੁਕੱਦਮਾ ਸਿਰਫ਼ ਇੰਡਾਈਟ ਹੋਣ (ਖ਼ਾਸ ਕਿਸਮ ਦਾ ਇਲਜ਼ਾਮ ਲੱਗਣ) 'ਤੇ ਹੀ ਚਲਾਇਆ ਜਾ ਸਕਦਾ ਹੈ  - ਯਾਨੀ ਜੂਰੀ ਦੇ ਸਾਹਮਣੇ ਕ੍ਰਾਊਨ ਕੋਰਟ ਵਿਚ। ਜ਼ਿਆਦਾ ਗੰਭੀਰ ਅਪਰਾਧ (ਕਤਲ, ਬਲਾਤਕਾਰ) ਇਸ ਕਿਸਮ ਦੇ ਅਪਰਾਧ ਹਨ। ਇਹਨਾਂ ਦਾ ਕੇਸ ਮੈਜਿਸਟ੍ਰੇਟਸ ਕੋਰਟ ਵਿਚ ਸ਼ੁਰੂ ਹੁੰਦਾ ਹੈ ਅਤੇ ਇਕਦਮ ਨੂੰ ਮੁੱਢਲੀ ਸੁਣਵਾਈ ਲਈ ਕ੍ਰਾਊਨ ਕੋਰਟ ਵਿਚ ਭੇਜ ਦਿੱਤਾ ਜਾਂਦਾ ਹੈ।

### ਮਨਾਹੀ ਦਾ ਹੁਕਮ (Injunction)

ਅਦਾਲਤ ਵਲੋਂ ਲਏ ਹੁਕਮ ਦੇ ਰੂਪ ਵਿਚ ਬਚਾਓ ਕਰਨ ਦਾ ਢੰਗ, ਜੋ ਹੁਕਮ ਕਿਸੇ ਖ਼ਾਸ ਵਿਅਕਤੀ ਨੂੰ ਦਿੱਤਾ ਜਾਂਦਾ ਹੈ ਕਿ ਉਹਦੇ ਲਈ ਕੋਈ ਕੰਮ ਕਰਨਾ ਜਾਂ ਕਰਦੇ ਜਾਣਾ ਮਨ੍ਹਾਂ ਹੈ, ਜਾਂ ਕੋਈ ਕੰਮ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ।

### ਘਰੇਲੂ ਹਿੰਸਾ ਨਾਲ ਸੰਬੰਧਤ ਸੰਗਠਿਤ ਅਦਾਲਤ (ਇੰਟੈਗਰੇਟਡ ਡੋਮੈਸਟਿਕ ਵਾਇਓਲੈਂਸ ਕੋਰਟ) (Integrated Domestic Violence Court) [IDVC]

ਇਸ ਅਦਾਲਤ ਵਿਚ "ਇਕ ਜੱਜ ਇਕ ਪਰਿਵਾਰ" ਦੇ ਆਧਾਰ 'ਤੇ ਕ੍ਰਿਮੀਨਲ ਅਤੇ ਫ਼ੈਮਿਲੀ ਕੇਸ ਦੋਹਾਂ ਦੀ ਸੁਣਵਾਈ ਹੁੰਦੀ ਹੈ, ਅਤੇ ਇਸ ਤਰ੍ਹਾਂ ਲੋਕਾਂ ਨੂੰ ਇੱਕੋ ਕਹਾਣੀ ਇਕ ਤੋਂ ਵੱਧ ਵਾਰ ਨਹੀਂ ਦੁਹਰਾਉਣੀ ਪੈਂਦੀ। ਇਸ ਢੰਗ ਦੀ ਪਹਿਲੀ ਪਾਇਲਟ (ਆਜ਼ਮਾਇਸ਼ੀ) ਅਦਾਲਤ ਕ੍ਰਾਇਡਨ ਮੈਜਿਸਟ੍ਰੇਟਸ ਕੋਰਟ ਵਿਚ ਹੈ (ਜੋ ਅਕਤੂਬਰ 2006 ਵਿਚ ਸ਼ੁਰੂ ਹੋਈ)

**ਨਿਸ਼ਚਿਤ/ਅਨਿਸ਼ਚਿਤ ਰਕਮ ਦਾ ਕਲੇਮ (Liquidated/unliquidated claim)**

ਨਿਸ਼ਚਿਤ (ਲਿਕੁਈਡੇਟਡ) ਕਲੇਮ ਕਿਸੇ ਖ਼ਾਸ ਰਕਮ ਲਈ ਕੀਤਾ ਦਾਅਵਾ ਹੁੰਦਾ ਹੈ, ਜਿਵੇਂ ਕਿ £1,000 ਲਈ। ਅਨਿਸ਼ਚਿਤ (ਅਨਲਿਕੁਈਡੇਟਡ) ਕਲੇਮ ਦੀ ਰਕਮ ਨਿਸ਼ਚਿਤ ਨਹੀਂ ਕੀਤੀ ਹੁੰਦੀ, ਮਿਸਾਲ ਵਜੋਂ ਇਹ £10,000 ਵੀ ਹੋ ਸਕਦਾ ਹੈ। ਕੇਸ ਦੀ ਸੁਣਵਾਈ ਕਰਨ ਵਾਲਾ ਜੱਜ ਫ਼ੈਸਲਾ ਕਰਦਾ ਹੈ ਕਿ ਕਲੇਮ ਦੀ ਰਕਮ ਕੀ ਹੋਣੀ ਚਾਹੀਦੀ ਹੈ।

**ਪਰੇਸ਼ਾਨ ਨਾ ਕਰਨ ਦਾ ਜਾਂ ਨੌਨ-ਮੋਲੈਸਟੇਸ਼ਨ ਆਰਡਰ (Non-molestation order)**

ਫ਼ੈਮਿਲੀ ਲਾਅ 1996 ਦੇ ਤਹਿਤ ਦਿੱਤਾ ਆਰਡਰ ਜੋ ਕਿਸੇ ਵਿਅਕਤੀ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ 'ਸੰਬੰਧਤ ਵਿਅਕਤੀ' ਜਾਂ ਸੰਬੰਧਤ ਬੱਚੇ ਨੂੰ ਪਰੇਸ਼ਾਨ ਕਰਨੋਂ ਵਰਜਦਾ ਹੈ, ਜਾਂ ਕੋਰਟ ਜਿਹੜੇ ਕੰਮ 'ਤੇ ਰੋਕ ਲਾਏ ਉਹ ਕੰਮ ਕਰਨੋਂ ਵਰਜਦਾ ਹੈ।

**ਨੋਟਿਸ ਵਾਲੀ ਅਰਜ਼ੀ (On-notice application)**

ਅਦਾਲਤ ਵਿਚ ਸੁਣਵਾਈ ਵਾਲੀ ਲਿਸਟ ਵਿਚ ਰੱਖੀ ਅਰਜ਼ੀ ਜਿਹਦੀ ਸੁਣਵਾਈ ਦੀ ਤਾਰੀਖ਼ ਅਤੇ ਸਮੇਂ ਬਾਰੇ ਸਾਰੀਆਂ ਧਿਰਾਂ ਨੂੰ ਪਹਿਲਾਂ ਦੱਸਿਆ ਗਿਆ ਹੁੰਦਾ ਹੈ।

**ਜੁਰਮ ਬਾਰੇ ਨੋਟਿਸ (Penal notice)**

ਕਿਸੇ ਸਿਵਿਲ ਆਰਡਰ ਦੇ ਨਾਲ ਲਾਇਆ ਨੋਟਿਸ, ਜਿਹਦੇ ਰਾਹੀਂ ਕਿਸੇ ਧਿਰ ਜਾਂ ਧਿਰਾਂ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਜੇ ਉਹ ਉਸ ਆਰਡਰ ਦਾ, ਜਾਂ ਉਸ ਆਰਡਰ ਦੀਆਂ ਕੁਝ ਸ਼ਰਤਾਂ ਦਾ, ਪਾਲਣ ਨਹੀਂ ਕਰਨਗੇ, ਤਾਂ ਇਹ ਅਦਾਲਤ ਦੀ ਤੌਹੀਨ ਮੰਨੀ ਜਾਏਗੀ ਅਤੇ ਉਹਨਾਂ ਨੂੰ ਜੇਲ੍ਹ ਭੇਜਿਆ ਜਾ ਸਕਦਾ ਹੈ। ਨੌਨ-ਮੋਲੈਸਟੇਸ਼ਨ ਆਰਡਰ ਦੇ ਨੋਟਿਸ ਨਾਲ ਜੁਰਮ ਬਾਰੇ ਨੋਟਿਸ ਲਾਜ਼ਮੀ ਤੌਰ 'ਤੇ ਲਾਉਣਾ ਪੈਂਦਾ ਹੈ, ਪਰ ਹੋਰ ਆਰਡਰਾਂ ਨਾਲ ਇਹ ਅਦਾਲਤ ਦੀ ਮਰਜ਼ੀ ਨਾਲ ਲਾਇਆ ਜਾ ਸਕਦਾ ਹੈ। ਜੇ ਬਿਨੈਕਾਰ (ਪੀੜਿਤ ਵਿਅਕਤੀ) ਨੂੰ ਜਾਪੇ ਕਿ ਜਵਾਬਦੇਹ ਧਿਰ (ਹਿੰਸਾ ਕਰਨ ਵਾਲੇ) ਨੇ ਜੁਰਮ ਬਾਰੇ ਨੋਟਿਸ ਵਲ ਧਿਆਨ ਨਹੀਂ ਦੇਣਾ ਜਾਂ ਇਹਦਾ ਉਲੰਘਣ ਕਰਨਾ ਹੈ, ਤਾਂ ਉਹ ਖ਼ੁਦ ਅਦਾਲਤ ਨੂੰ ਅਰਜ਼ੀ ਦੇ ਕੇ ਗਰਿਫ਼ਤਾਰ ਕਰਵਾਉਣ ਦੀ ਸ਼ਕਤੀ ਲਈ ਅਰਜ਼ੀ ਦੇ ਸਕਦਾ/ਸਕਦੀ ਹੈ, ਤਾਕਿ ਜਵਾਬਦੇਹ ਵਿਅਕਤੀ ਨੂੰ ਗਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾ ਸਕੇ।

**ਘਰੇਲੂ ਹਿੰਸਾ ਕਰਨ ਵਾਲਿਆਂ ਲਈ ਪ੍ਰੋਗਰਾਮ (Perpetrator Programmes)**

ਇਹਨਾਂ ਪ੍ਰੋਗਰਾਮਾਂ ਦਾ ਮੁੱਖ ਮਕਸਦ ਮਰਦਾਂ ਨੂੰ ਆਪਣਾ ਵਤੀਰਾ ਬਦਲਣ ਅਤੇ ਸਤਿਕਾਰਪੂਰਣ ਅਤੇ ਬਦਸਲੂਕੀ-ਰਹਿਤ ਵਤੀਰਾ ਅਪਣਾਉਣ ਵਿਚ ਮਦਦ ਦੇਣਾ ਹੈ। ਕਿਉਂਕਿ ਅੰਕੜਿਆਂ ਅਨੁਸਾਰ ਅਜਿਹੇ ਜ਼ਿਆਦਾਤਰ ਲੋਕ ਮਰਦ ਹੁੰਦੇ ਹਨ, ਇਸ ਕਰਕੇ ਇਹ ਪ੍ਰੋਗਰਾਮ ਮਰਦਾਂ ਲਈ ਹੁੰਦੇ ਹਨ। ਕਿਸੇ ਪ੍ਰੋਗਰਾਮ ਵਿਚ ਆਮ ਤੌਰ 'ਤੇ 8-15 ਮਰਦ ਹੁੰਦੇ ਹਨ ਜਿਹਨਾਂ ਦਾ ਵਤੀਰਾ ਹੁਣ ਵਾਲੇ ਜਾਂ ਪਹਿਲੇ ਕਿਸੇ ਸੰਬੰਧ ਦੌਰਾਨ ਹਿੰਸਕ ਅਤੇ ਬਦਸਲੂਕੀ-ਭਰਪੂਰ ਸੀ।

**ਗਰਿਫ਼ਤਾਰ ਕਰਨ ਦੀ ਸ਼ਕਤੀ (Power of arrest)**

ਨੌਨ-ਮੋਲੈਸਟੇਸ਼ਨ ਆਰਡਰ ਨਾਲ (1 ਜੁਲਾਈ 2007 ਤਕ) ਜਾਂ ਆਕਿਉਪੇਸ਼ਨ ਆਰਡਰ ਨਾਲ ਲਾਈ ਸ਼ਕਤੀ ਜਿਹਦੇ ਨਾਲ ਪੁਲਿਸ ਬਿਨਾਂ ਵਾਰੰਟ ਕਿਸੇ ਵਿਅਕਤੀ ਨੂੰ ਗਰਿਫ਼ਤਾਰ ਕਰ ਸਕਦੀ ਹੈ ਜੇ ਉਹਨਾਂ ਨੂੰ ਸ਼ੱਕ ਹੋਵੇ ਕਿ ਕਿਸੇ ਵਿਅਕਤੀ ਨੇ ਉਸ ਆਰਡਰ ਦਾ ਉਲੰਘਣ ਕੀਤਾ ਹੈ ਜਿਸ ਆਰਡਰ ਦੇ ਨਾਲ ਇਹ ਸ਼ਕਤੀ ਲਾਈ ਗਈ ਹੈ, ਭਾਵੇਂ ਉਹ ਵਿਅਕਤੀ ਕੋਈ ਜੁਰਮ ਨਾ ਵੀ ਕਰ ਰਿਹਾ ਹੋਵੇ। ਗਰਿਫ਼ਤਾਰ ਕਰਨ ਦੀ ਸ਼ਕਤੀ ਨੌਨ-ਮੋਲੈਸਟੇਸ਼ਨ ਆਰਡਰ ਜਾਂ ਆਕਿਉਪੇਸ਼ਨ ਆਰਡਰ ਨਾਲ ਲਾਉਣਾ ਲਾਜ਼ਮੀ ਨਹੀਂ ਹੈ, ਅਤੇ 1 ਜੁਲਾਈ 2007 ਤੋਂ ਨੌਨ-ਮੋਲੈਸਟੇਸ਼ਨ ਆਰਡਰ ਨਾਲ ਗਰਿਫ਼ਤਾਰ ਕਰਨ ਦੀ ਸ਼ਕਤੀ ਨਹੀਂ ਜੋੜੀ ਜਾਏਗੀ। ਪਰ ਇਸ ਵੇਲੇ ਅਦਾਲਤ ਲਈ ਇਹ ਸ਼ਕਤੀ ਜੋੜਨਾ ਲਾਜ਼ਮੀ ਹੈ ਜੇ ਜਾਪਦਾ ਹੋਵੇ ਕਿ ਮੁਦਾਲੇ ਨੇ ਬਿਨੈਕਾਰ ਜਾਂ ਸੰਬੰਧਤ ਬੱਚੇ ਨਾਲ ਕੋਈ ਹਿੰਸਾ ਕੀਤੀ ਹੈ ਜਾਂ ਹਿੰਸਾ ਕਰਨ ਦੀ ਧਮਕੀ ਦਿੱਤੀ ਹੈ, ਪਰ ਤਦ ਨਹੀਂ ਜੇ ਅਦਾਲਤ ਨੂੰ ਤਸੱਲੀ ਹੋ ਜਾਏ ਕਿ ਕੇਸ ਦੇ ਹਾਲਾਤ ਵਿਚ ਬਿਨੈਕਾਰ ਜਾਂ ਬੱਚੇ ਦੀ ਸਹੀ ਹਿਫ਼ਾਜ਼ਤ ਹੋ ਸਕਦੀ ਹੈ। ਫ਼ਾਇਦਾ ਇਹ ਹੈ ਕਿ ਜੇ ਇਹ ਸ਼ਕਤੀ ਲਾਈ ਗਈ ਹੋਵੇ, ਜਵਾਬਦੇਹ ਧਿਰ ਨੂੰ ਗਰਿਫ਼ਤਾਰ ਕਰਵਾਉਣ ਲਈ ਬਿਨੈਕਾਰ ਨੂੰ ਅਦਾਲਤ ਵਿਚ ਨਹੀਂ ਜਾਣਾ ਪੈਂਦਾ ਕਿਉਂਕਿ ਪੁਲਿਸ ਬਿਨਾਂ ਵਾਰੰਟ ਗਰਿਫ਼ਤਾਰ ਕਰ ਸਕਦੀ ਹੈ।

**ਪ੍ਰੋਸੈੱਸ ਸਰਵਰ (Process server)**
ਕੋਈ ਵਿਅਕਤੀ, ਆਮ ਤੌਰ 'ਤੇ 'ਅਦਾਲਤ ਦਾ ਕੋਈ ਅਫ਼ਸਰ' ਜਿਹਨੂੰ ਕਾਨੂੰਨੀ ਦਸਤਾਵੇਜ਼ ਲੋਕਾਂ - ਆਮ ਤੌਰ 'ਤੇ ਜਵਾਬਦੇਹ ਧਿਰਾਂ ਜਾਂ ਕੇਸ ਵਿਚ ਬਚਾਓ ਪੱਖ ਦੇ ਲੋਕਾਂ - ਤਕ ਪਹੁੰਚਾਉਣ ਦੀ ਜ਼ਿੰਮੇਦਾਰੀ ਨਿਭਾਉਣ ਦਾ ਅਧਿਕਾਰ ਮਿਲਿਆ ਹੋਵੇ।

**ਰਿਮਾਂਡ (Remand)**

ਕਿਸੇ ਵਿਅਕਤੀ ਨੂੰ ਹਿਰਾਸਤ ਵਿਚ ਰੱਖਣਾ ਜਾਂ ਜ਼ਮਾਨਤ 'ਤੇ ਰਿਹਾ ਕਰਨਾ। ਜੇ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਰੱਖਣਾ ਹੋਵੇ ਤਾਂ ਉਹਨੂੰ ਅਗਲੀ ਸੁਣਵਾਈ ਹੋਣ ਤਕ ਨੇੜੇ ਦੀ ਜੇਲ੍ਹ ਵਿਚ ਭੇਜਿਆ ਜਾਂਦਾ ਹੈ।

**ਘਰੇਲੂ ਹਿੰਸਾ ਨਾਲ ਸੰਬੰਧਤ ਖ਼ਾਸ ਅਦਾਲਤ (ਐੱਸ ਡੀ ਵੀ ਸੀ) (Specialist Domestic Violence Court) [SDVC]**
ਮੌਜੂਦਾ ਮੈਜਿਸਟ੍ਰੇਟਸ ਕੋਰਟ ਵਿਚ ਇਕ ਖ਼ਾਸ ਥਾਂ ਜਿੱਥੇ ਜੱਜਾਂ ਅਤੇ ਸਟਾਫ਼ ਨੂੰ ਖ਼ਾਸ ਸਿਖਲਾਈ ਅਤੇ ਪੀੜਿਤਾਂ ਨੂੰ ਖ਼ਾਸ ਮਦਦ ਦਿੱਤੀ ਜਾਂਦੀ ਹੈ। ਅਪ੍ਰੈਲ 2007 ਤਕ ਇੰਗਲੈਂਡ ਅਤੇ ਵੇਲਜ਼ ਵਿਚ 64 ਅਜਿਹੀਆਂ ਥਾਂਵਾਂ ਹੋਣਗੀਆਂ।

**ਖ਼ਾਸ ਪ੍ਰਬੰਧ / ਸਹੂਲਤਾਂ (Special Measures / Facilities)**

ਪੀੜਿਤਾਂ ਦੀ ਮਦਦ ਕਰਨ ਲਈ ਵਾਧੂ ਸ਼ਕਤੀਆਂ ਜਾਂ ਪ੍ਰਬੰਧ। ਇਹਨਾਂ ਵਿਚ ਅਦਾਲਤ ਦੇ ਅਨੁਸਾਰ ਉਡੀਕ ਕਰਨ ਲਈ ਵੱਖਰੇ ਕਮਰੇ, ਪਰਦੇ ਪਿੱਛਿਓਂ ਜਾਂ ਵਿਡੀਓ ਲਿੰਕ ਰਾਹੀਂ ਗਵਾਹੀ ਦੇਣਾ ਆਦਿ ਸ਼ਾਮਿਲ ਹੋ ਸਕਦੇ ਹਨ। ਸਦਾ ਪੁੱਛ ਲਓ ਕਿ ਕਿਹੜੇ ਪ੍ਰਬੰਧ ਲਾਗੂ ਹਨ।

**ਸਮਰੀ ਜੁਰਮ (Summary offence)**

ਜਿਸ ਜੁਰਮ ਦਾ ਮੁਕੱਦਮਾ ਸਿਰਫ਼ ਸਮਰੀ ਢੰਗ ਨਾਲ ਚਲਾਇਆ ਜਾ ਸਕਦਾ ਹੈ, ਯਾਨੀ ਕਿ ਜੂਰੀ ਤੋਂ ਬਿਨਾਂ ਮੈਜਿਸਟ੍ਰੇਟਸ ਕੋਰਟ ਵਿਚ। ਆਮ ਤੌਰ 'ਤੇ ਜ਼ਿਆਦਾਤਰ ਛੋਟੇ ਛੋਟੇ ਜੁਰਮ (ਜਿਵੇਂ ਕਿ, ਸ਼ਰਾਬੀ ਹੋਣਾ ਅਤੇ ਖਰੂਦ ਪਾਉਣਾ) ਸਮਰੀ ਕਿਸਮ ਦੇ ਜੁਰਮ ਹੁੰਦੇ ਹਨ।

**ਜ਼ਾਮਨ ਜਾਂ ਜ਼ਮਾਨਤ ਦੇਣ ਵਾਲਾ/ਵਾਲੀ (Surety)**

ਜੋ ਵਿਅਕਤੀ ਇਹ ਗਾਰੰਟੀ ਦੇਵੇ ਕਿ ਜੇ ਕੋਈ ਹੋਰ ਵਿਅਕਤੀ ਕੋਈ ਪੈਸੇ ਨਾ ਦੇਵੇ ਜਾਂ ਕੋਈ ਕੰਮ ਨਾ ਕਰੇ, ਤਾਂ ਉਹ ਇਹਦੇ ਬਦਲੇ ਪੈਸੇ ਦੇਵੇਗਾ/ਦੇਵੇਗੀ। ਜ਼ਮਾਨਤ ਦੇਣ ਦਾ ਕੰਮ ਕੋਈ ਬੌਂਡਿੰਗ ਕੰਪਨੀ ਵੀ ਕਰ ਸਕਦੀ ਹੈ ਜੋ ਕਿਸੇ ਨਿਗਰਾਨ, ਪ੍ਰਬੰਧਕ ਜਾਂ ਬਿਲਡਿੰਗ ਦੇ ਠੇਕੇਦਾਰ ਲਈ "ਬੌਂਡ ਭੇਜਦੀ" ਹੈ। ਜ਼ਮਾਨਤ ਦੇਣ ਦੇ ਜ਼ਿਆਦਾਤਰ ਕੰਮਾਂ ਵਿਚ ਇਹ ਜ਼ਰੂਰੀ ਹੁੰਦਾ ਹੈ ਕਿ ਜ਼ਾਮਨ ਕੋਲੋਂ ਪਹੁੰਚ ਕਰਨ ਵਾਲੇ (ਪੈਸੇ ਮੰਗਣ ਵਾਲੇ) ਵਿਅਕਤੀ ਨੂੰ ਸਭ ਤੋਂ ਪਹਿਲਾਂ ਜ਼ਿੰਮੇਦਾਰ ਵਿਅਕਤੀ ਜਾਂ ਧਿਰ ਕੋਲੋਂ ਇਹ ਕੰਮ ਕਰਵਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਤੀਸਰੀ ਧਿਰ ਬਾਰੇ ਆਰਡਰ (Third Part Orders)**

ਐਫ਼ ਐਲ ਏ 1996 ਦੇ ਪਾਰਟ IV ਦੇ ਸੈਕਸ਼ਨ 60 ਦਾ ਸੰਬੰਧ 'ਤੀਸਰੀ ਧਿਰ ਬਾਰੇ ਆਰਡਰਾਂ' ਨਾਲ ਹੈ। ਇਸ ਸੈਕਸ਼ਨ ਰਾਹੀਂ ਲਾਰਡ ਚਾਂਸਲਰ ਨੂੰ ਇਹ ਅਧਿਕਾਰ ਮਿਲ ਜਾਂਦਾ ਹੈ ਕਿ ਉਹ ਕਿਸੇ ਨਿਸ਼ਚਿਤ ਜਾਂ ਨਿਸ਼ਚਿਤ ਕਿਸਮ ਦੇ ਵਿਅਕਤੀ ਨੂੰ ਇਹ ਅਧਿਕਾਰ ਦੇ ਸਕੇ ਕਿ ਉਹ ਵਿਅਕਤੀ ਘਰੇਲੂ ਹਿੰਸਾ ਦੇ ਪੀੜਿਤ ਵਲੋਂ ਆਕਿਉਪੇਸ਼ਨ ਆਰਡਰ ਜਾਂ ਨੌਨ-ਮੋਲੈਸਟੇਸ਼ਨ ਆਰਡਰ ਲੈ ਸਕੇ। ਪਰ, ਸੈਕਸ਼ਨ 60 ਹਾਲੇ ਲਾਗੂ ਨਹੀਂ ਹੋਇਆ, ਅਤੇ ਨਾ ਹੀ ਨਿਕਟ ਭਵਿੱਖ ਵਿਚ ਇਹਨੂੰ ਲਾਗੂ ਕਰਨ ਦੀ ਕੋਈ ਯੋਜਨਾ ਹੈ।

**ਬਿਨਾਂ ਨੋਟਿਸ (ਜਿਹਨੂੰ ਪਹਿਲਾਂ 'ਐਕਸ-ਪਾਰਟੀ' ਆਖਿਆ ਜਾਂਦਾ ਸੀ) (Without notice)(previously 'ex-parte')**

ਕਿਸੇ ਧਿਰ ਵਲੋਂ ਅਦਾਲਤ ਵਿਚ ਮੁਕੱਦਮਾ ਦੂਸਰੀ ਧਿਰ ਦੀ ਗ਼ੈਰ-ਹਾਜ਼ਰੀ ਵਿਚ ਸ਼ੁਰੂ ਕਰਨ ਲਈ ਦਿੱਤੀ ਅਰਜ਼ੀ (ਜੋ ਅਕਸਰ ਬਿਨੈਕਾਰ ਦੀ ਹਿਫ਼ਾਜ਼ਤ ਦੀ ਹੰਗਾਮੀ ਲੋੜ ਕਾਰਨ ਐਫ਼ ਐਲ ਏ 1996 ਦੇ ਤਹਿਤ ਦਿੱਤੀ ਜਾਂਦੀ ਹੈ)।

## ਅੰਤਿਕਾ ਡੀ: ਸ੍ਰੋਤਾਂ ਦੇ ਹਵਾਲੇ ਅਤੇ ਪੜ੍ਹਨ ਲਈ ਹੋਰ ਕਿਤਾਬਚੇ

### ਏ ਸੀ ਪੀ ਓ ਪੋਲੀਸ-ਫ਼ੈਮਿਲੀ ਡਿਸਕਲੋਯਰ ਪ੍ਰੋਟੋਕੋਲ:

- ਐਕਸਪਲੇਨੇਟਰੀ ਮੈਮੋਰੈਂਡਮ ਪ੍ਰੋਟੋਕੋਲ (ਪਾਇਲਟਾਂ, ਕੰਮ ਦੇ ਢੰਗਾਂ ਅਤੇ ਫ਼ਾਰਮਾਂ ਵਿਚ ਵਰਤੀ ਗਈ) http://www.dca.gov.uk/family/metpol-expmem.pdf;
- ਮੈਟਰੋਪੋਲੀਟਨ ਪੁਲਿਸ ਸਰਵਿਸ (ਐਮ ਪੀ ਐੱਸ) ਲਈ http://www.dca.gov.uk/family/metpol-protocol.pdf;
- ਨਾਰਦਰਨ ਸਰਕਟ ਲਈ (ਲੰਡਨ/ਐਮ ਪੀ ਐੱਸ ਤੋਂ ਬਾਹਰ ਦੇ ਇਲਾਕਿਆਂ ਲਈ) (ਕਿਰਪਾ ਕਰਕੇ ਇਹਦੇ 90 ਸਫ਼ੇ ਹੋਣ ਵਲ ਧਿਆਨ ਨਾ ਦਿਓ - ਇਹਦੇ ਸਿਰਫ਼ 11 ਸਫ਼ੇ ਹਨ) http://www.dca.gov.uk/family/metpol-northerncircuit.pdf;
- ਜਵਾਬ ਦੇਣ ਅਤੇ ਅਰਜ਼ੀ ਦੇਣ ਲਈ ਸਟੈਂਡਰਡ ਫ਼ਾਰਮ - ਅੰਤਿਕਾ ਬੀ ਅਤੇ ਸੀ:
  http://www.dca.gov.uk/family/stdreg-form-annexb.doc
  http://www.dca.gov.uk/family/stdpol-replyform-annexc.doc
- ਮੁਲਾਂਕਣ ਰਿਪੋਰਟ (ਛਪੀਆਂ ਕੁਝ ਕਾਪੀਆਂ ਐਚ ਐਮ ਸੀ ਐੱਸ ਤੋਂ ਹਾਲੇ ਵੀ ਮਿਲ ਸਕਦੀਆਂ ਹਨ) http://www.dca.gov.uk/family/police-info-family-proceedings.pdf

ਇਹ ਦਸਤਾਵੇਜ਼ ਐਚ ਐਮ ਸੀ ਐੱਸ ਵੈੱਬਸਾਈਟ 'ਤੇ ਪੜ੍ਹਨ ਲਈ ਇਸ ਪਤੇ 'ਤੇ ਕਲਿੱਕ ਕਰੋ:
http://www.hmcourts-service.gov.uk/infoabout/family_law/index.htm

ਸੈਕਸ਼ਨ 'Part IV of Family Law Act 1996' 'ਤੇ ਜਾਓ। ਇੱਥੇ ਹੁਣ ਸੱਜੇ ਹੱਥ ਵਾਲੇ ਡੱਬੇ 'Further Information' ਵਿਚ ਇਕ ਲਿੰਕ "Domestic Violence Guidance and Information' ਹੈ - ਇੱਥੇ ਕਲਿੱਕ ਕਰਨ ਨਾਲ ਤੁਸੀਂ ਡੀ ਸੀ ਏ ਸਾਈਟ 'ਤੇ ਪਹੁੰਚ ਜਾਓਗੇ।

**ਬ੍ਰੋਕਨ ਰੇਨਬੋ (Broken Rainbow):** ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲੇ ਲੈਜ਼ਬੀਅਨ, ਗੇਅ, ਬਾਈਸੈਕਸੁਅਲ ਅਤੇ ਟ੍ਰਾਂਸਜੈਂਡਰ (ਐਲ ਜੀ ਬੀ ਟੀ) ਲੋਕਾਂ ਦੀ ਮਦਦ ਕਰਦੇ ਹਨ। **ਹੈਲਪਲਾਈਨ** 08452 60 44 60, ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਦੁਪਹਿਰ ਦੇ 1 ਵਜੇ ਤਕ ਅਤੇ ਫਿਰ 2 ਵਜੇ ਤੋਂ 5 ਵਜੇ ਤਕ। ਇਹਦੇ ਸਟਾਫ਼ ਵਾਲੇ ਐਲ ਜੀ ਬੀ ਟੀ ਲੋਕ ਹਨ।
http://www.broken-rainbow.org.uk/

**ਕਾਡਾ - ਕੁ-ਆਰਡੀਨੇਟਡ ਐਕਸ਼ਨ ਅਗੇਂਸਟ ਡੋਮੈਸਟਿਕ ਅਬਿਊਜ਼ (CAADA – Co-ordinated Action Against Domestic Abuse)**
(ਪਹਿਲਾਂ ਨਾਂ ਕਰਾਰਗ CRARG http://www.crarg.org.uk/index.htm)
info@caada.org.uk ਟੈਲੀਫ਼ੋਨ: 01749 812968
ਘਰੇਲੂ ਹਿੰਸਾ ਤੋਂ ਬਚ ਨਿਕਲਣ ਵਾਲੇ ਸਭ ਲੋਕਾਂ ਨੂੰ ਇਕਸਾਰ, ਮਾਹਿਰਾਂ ਵਾਲੀ ਅਤੇ ਅਸਰਦਾਈ ਮਦਦ ਦਿੰਦੇ ਹਨ, ਖ਼ਾਸ ਤੌਰ 'ਤੇ ਜਿਹਨਾਂ ਨੂੰ ਬਹੁਤ ਜ਼ਿਆਦਾ ਖ਼ਤਰਾ ਹੈ। ਐਡਵੋਕੇਸੀ ਪ੍ਰਾਜੈਕਟਾਂ ਨੂੰ, ਕਈ ਏਜੰਸੀਆਂ ਵਿਚੋਂ ਆਪਣੇ ਸਥਾਨਕ ਸਾਂਝੀਦਾਰ ਨੂੰ ਸਿੱਧੀਆਂ ਸੇਵਾਵਾਂ ਦਿੰਦੇ ਹਨ, ਅਤੇ ਮਾਲੀ ਮਦਦ ਦੇਣ ਵਾਲਿਆਂ, ਪਾਲਿਸੀ ਸਲਾਹਕਾਰਾਂ ਅਤੇ ਸਰਕਾਰ ਰਾਹੀਂ ਵੀ ਕੰਮ ਕਰਦੇ ਹਨ।

ਘਰੇਲੂ ਹਿੰਸਾ ਦੇ ਮਸਲੇ ਨਾਲ ਕੰਮ ਦੀ ਥਾਂ 'ਤੇ ਨਿਪਟਣ ਬਾਰੇ ਕੈਬਿਨਟ ਆਫ਼ਿਸ ਦੀਆਂ ਹਿਦਾਇਤਾਂ
http://www.civilservice.gov.uk/management/domestic_violence/publications/doc/empl_leaf_21oct04.doc
http://www.civilservice.gov.uk/management/domestic_violence/publications/doc/domestic-violence_Im_leaf.doc

ਕਮਿਊਨਿਟੀ ਲੀਗਲ ਸਰਵਿਸ ਡਾਇਰੈਕਟ (Community Legal Service Direct) ਵੈੱਬਸਾਈਟ: www.clsdirect.org.uk. ਇਸ ਵੈੱਬਸਾਈਟ 'ਤੇ ਯੋਗ ਹੋਣ ਬਾਰੇ ਕੈਲਕੁਲੇਟਰ ਹੈ ਅਤੇ ਇੱਥੇ ਕਈ ਪਰਚੇ ਪੜ੍ਹੇ ਜਾ ਸਕਦੇ ਹਨ, ਜਿਵੇਂ ਕਿ "Domestic Violence, abuse and harassment" ਅਤੇ ਤਲਾਕ ਅਤੇ ਵੱਖਰੇ ਹੋਣ ਨਾਲ ਸੰਬੰਧਤ ਵਿਸ਼ਿਆਂ ਬਾਰੇ ਹੋਰ ਪਰਚੇ ਵੀ ਹਨ।

**ਕਾਰਪੋਰੇਟ ਅਲਾਇੰਸ ਅਗੇਂਸਟ ਡੋਮੈਸਟਿਕ ਵਾਇਓਲੈਂਸ (Corporate Alliance Against Domestic Violence):** ਅਗਾਂਹ ਵਧੂ ਕੰਪਨੀਆਂ ਅਤੇ ਸੰਸਥਾਵਾਂ ਦਾ ਗਰੁਪ ਜੋ ਇਕੱਲਿਆਂ ਵੀ ਅਤੇ ਮਿਲ ਕੇ ਵੀ ਘਰੇਲੂ ਹਿੰਸਾ ਦੇ ਕੰਮ ਦੀ ਥਾਂ 'ਤੇ ਪੈਣ ਵਾਲੇ ਅਸਰ ਨਾਲ ਨਿਪਟਦੇ ਹਨ।
http://www.corporateallianceuk.com/home.asp

Court Fees: Do you have to pay them? (ਕੋਰਟ ਫ਼ੀਸ - ਕੀ ਇਹ ਤੁਹਾਨੂੰ ਦੇਣੀ ਪਏਗੀ?) ਕੋਰਟ ਸਰਵਿਸ ਦਾ ਪਰਚਾ EX160A. EX 160, ਅਤੇ ਨਾਲ ਫ਼ੀਸ ਦੀ ਮੁਆਫ਼ੀ ਜਾਂ ਵਾਪਸ ਲੈਣ ਲਈ ਅਰਜ਼ੀ ਫ਼ਾਰਮ ਵੀ।
(ਨੋਟ) http://www.hmcourts-service.gov.uk/HMCSCourtFinder/GetLeaflet.do?court_leaflets_id=172
(ਅਰਜ਼ੀ) http://www.hmcourts-service.gov.uk/HMCSCourtFinder/GetForm.do?court_forms_id=168

ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ (Crown Prosecution Service) ਵੈੱਬਸਾਈਟ www.cps.gov.uk

- ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ (ਫ਼ਰਵਰੀ 2005) ਕਿਤਾਬਚਾ *Policy for Prosecuting Cases of Domestic Violence Booklet*
  http://www.cps.gov.uk/publications/docs/DomesticViolencePolicy.pdf
- *How Prosecution Decisions are Reached*
  http://www.cps.gov.uk/publications/docs/DomesticViolenceLeaflet.pdf

ਜਬਰੀ ਵਿਆਹ ਦੇ ਕੇਸਾਂ ਨਾਲ ਨਿਪਟਣਾ - ਸਿੱਖਿਆ ਖੇਤਰ ਦੇ ਕਰਮਚਾਰੀਆਂ ਲਈ ਜਾਣਕਾਰੀ
http://www.fco.gov.uk/Files/kfile/Dealing%20with%20cases%20of%20Forced%20Marriages.pdf

ਜਬਰੀ ਵਿਆਹ ਦੇ ਕੇਸਾਂ ਨਾਲ ਨਿਪਟਣਾ - ਪੁਲਿਸ ਲਈ ਜਾਣਕਾਰੀ
http://www.fco.gov.uk/Files/kfile/InteractiveForcedMarriage091106.pdf

ਡਿਪਾਰਟਮੈਂਟ ਫ਼ੌਰ ਕਾਂਸਟੀਚਿਊਸ਼ਨਲ ਅਫ਼ੇਅਰਜ਼ (Department for Constitutional Affairs) ਵੈੱਬਸਾਈਟ www.dca.gov.uk

**ਡਿਪਾਰਟਮੈਂਟ ਆੱਫ਼ ਹੈਲਥ (Department of Health): Responding to Domestic Violence a handbook for health professionals, 2005: http://www.dh.gov.uyk/assetRoot/04/12/66/19/04126619.pdf**

*Domestic Violence Law and Practice,* (Fifth Edition 2006)
[District Judge] Roger Bird **[ISBN: 0 85308 974 4]**

ਡੀ ਵਾਈ ਐਨ - ਵੇਲਜ਼ ਮਰਦਾਂ ਲਈ ਘਰੇਲੂ ਬਦਸਲੂਕੀ ਨਾਲ ਸੰਬੰਧਤ ਹੈਲਪਲਾਈਨ
www.dynproject.org/
**029 2048 9500 - ਸਿਰਫ਼ ਕਾਰਡਿਫ ਵਾਲਿਆਂ ਲਈ / 0808 801 0321 - ਕਾਰਡਿਫ਼ ਤੋਂ ਬਾਹਰ ਵਾਲਿਆਂ ਲਈ**
ਡੀ ਵਾਈ ਐਨ ਪ੍ਰਾਜੈਕਟ ਘਰੇਲੂ ਹਿੰਸਾ ਦਾ ਨਿਸ਼ਾਨਾ ਬਣਨ ਵਾਲੇ ਮਰਦਾਂ ਨੂੰ ਸੁਰੱਖਿਆ ਦੀ ਵਿਉਂਤ ਬਣਾਉਣ ਬਾਰੇ ਰਾਜ਼ਦਾਰੀ ਨਾਲ ਸਲਾਹ ਦਿੰਦਾ ਹੈ, ਅਤੇ ਐਡਵੋਕੇਸੀ (ਪੱਖ ਪੇਸ਼ ਕਰਨ) ਦੀ ਸੇਵਾ ਵੀ ਦਿੰਦਾ ਹੈ। ਇਹ ਪ੍ਰਾਜੈਕਟ ਕਾਰਡਿਫ਼ ਵਿਚ ਅਤੇ ਪੂਰੇ ਵੇਲਜ਼ ਵਿਚ ਗੇਅ, ਬਾਈਸੈਕਸੁਅਲ ਅਤੇ ਟ੍ਰਾਂਸਜੈਂਡਰ ਮਰਦਾਂ ਲਈ ਕੰਮ ਕਰਦਾ ਹੈ ਅਤੇ ਬਦਸਲੂਕੀ

ਵਾਲੇ ਸੰਬੰਧਾਂ ਤੋਂ ਪੀੜਿਤ ਮਰਦਾਂ ਦੀ ਮਦਦ ਕਰਨ ਲਈ ਕਈ ਕਿਸਮ ਦੀਆਂ ਸੇਵਾਵਾਂ ਅਤੇ ਵਸੀਲੇ ਮੁਹੱਈਆ ਕਰ ਸਕਦਾ ਹੈ, ਜਿਵੇਂ ਕਿ ਜਾਣਕਾਰੀ, ਸਲਾਹ ਅਤੇ ਕਈ ਕਿਸਮ ਦੀਆਂ ਸੇਵਾਵਾਂ ਤਕ ਪਹੁੰਚ।

**ਫ਼ੋਰਸਡ ਮੈਰਿਜ ਯੂਨਿਟ**

**ਸੰਪਰਕ 0207 008 0151** www.fco.gov.uk

ਫ਼ੋਰਸਡ ਮੈਰਿਜ ਯੂਨਿਟ ਅਜਿਹੇ ਲੋਕਾਂ ਨੂੰ ਰਾਜ਼ਦਾਰੀ ਨਾਲ ਸਲਾਹ ਅਤੇ ਮਦਦ ਦੇਣ ਵਾਲੀ ਇਕ ਸਾਂਝੀ ਥਾਂ ਹੈ ਜਿਹਨਾਂ ਲੋਕਾਂ ਦਾ ਵਿਦੇਸ਼ਾਂ ਵਿਚ ਜਬਰੀ ਵਿਆਹ ਕੀਤੇ ਜਾਣ ਦਾ ਖ਼ਤਰਾ ਹੈ।

**ਐਚ ਐਮ ਕੋਰਟਸ ਸਰਵਿਸ ਦੀ ਵੈੱਬਸਾਈਟ - www.hmcourts-service.gov.uk**

ਹੋਮ ਆਫ਼ਿਸ ਵੈੱਬਸਾਈਟ www.homeoffice.gov.uk

ਪਰਚਾ: **You don't have to live in fear... (ਤੁਹਾਨੂੰ ਡਰ ਡਰ ਕੇ ਜੀਉਣ ਦੀ ਲੋੜ ਨਹੀਂ**...)

http://www.crimereduction.gov.uk/isp21.pdf

**ਇਮਕਾਨ (IMKAAN)**

**http://www. imkaan.org.uk/pub/index.php?id=8**

**ਮਿਸ਼ਨ ਸਟੇਟਮੈਂਟ: ਜਿਹਨਾਂ ਏਸ਼ੀਅਨ ਔਰਤਾਂ ਅਤੇ ਬੱਚਿਆਂ ਨਾਲ ਘਰੇਲੂ ਹਿੰਸਾ ਹੁੰਦੀ ਹੈ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਸਰਾ ਅਤੇ ਲੋੜ ਅਨੁਸਾਰ ਖ਼ਾਸ ਸੰਸਥਾਈ ਮਦਦ ਦੇਣਾ।**

ਇੰਮੀਗਰੇਸ਼ਨ ਐਡਵਾਈਸ ਸਰਵਿਸ (Immigration Advice Service) - 020 7357 6917/ www.iasuk.org

ਲਾਅ ਸੁਸਾਇਟੀ ਦੀ *family Law Protocol* 2nd Edition

http://www.lawsociety.org.uk/search.view=query.law#

ਲੀਗਲ ਸਰਵਿਸਿਜ਼ ਕਮਿਸ਼ਨ (Legal Services Commission) ਵੈੱਬਸਾਈਟ:

www.legalservices.gov.uk

- Eligibility Counter http://www.legalservices.gov.uk/civil/what is_caculator.asp
- Funding code http://www.legalservices.gov.uk/civil/guidance/funding_code.asp

**ਮਰਦਾਂ ਲਈ ਐਡਵਾਈਸਲਾਈਨ (Mens Advice Line) www.mensadviceline.org.uk**

**ਹੈਲਪਲਾਈਨ 0808 801 0327**

**ਨੈਸ਼ਨਲ ਡਿਲਿਵਰੀ ਪਲਾਨ ਅਤੇ ਰਿਪੋਰਟ (National Delivery Plan and Report)**

**http://www.crimereduction.gov.uk/domesticviolence/domesticviolence51.pdf**

**ਨੈਸ਼ਨਲ ਡੋਮੈਸਟਿਕ ਵਾਇਓਲੈਂਸ ਹੈਲਪਲਾਈਨ (National Domestic Violence Helpline)**

**0808 2000 247**

**ਇਹ ਵੀ ਦੇਖੋ: WAFE, Refuge ਵੈੱਬਸਾਈਟਾਂ**

ਨਾਰਦਰਨ ਆਇਰਲੈਂਡ ਰੀਜਨਲ ਫ਼ੋਰਮ ਔਨ ਡੋਮੈਸਟਿਕ ਵਾਇਓਲੈਂਸ (Northern Ireland Regional Forum on Domestic Violence) Ending the Pain and Healing the Hurt – *A Practical Guide for Faith Communities Responding to Domestic Violence*, October 1999 [Northern Ireland Women's Aid]

**ਨਾਰਦਰਨ ਆਇਰਲੈਂਡ ਸਟ੍ਰੈਟਿਜੀ (Northern Ireland Strategy)**
**[February 2006]** **www.nio.gov.uk**
**Tackling Violence at Home**

**ਨਾਰਦਰਨ ਆਇਰਲੈਂਡ ਵਿਮੈੱਨਜ਼ ਏਡ (Northern Ireland Women's Aid)**
**ਹੈਲਪਲਾਈਨ 0800 917 1414** **www.niwaf.org**

**ਰੈਫ਼ਿਊਜ (Refuge)** **www.refuge.gov.uk**

ਰੈਫ਼ਿਊਜ ਕਾਉਂਸਿਲ (Refuge Council) 020 7346 6777 www.refugeecouncil.org.uk

***Resolution*** **- first for family law** **www.resolution.org.uk**
**ਪਹਿਲਾ ਨਾਂ The Solicitors' Family Law Association** **ਸਿੱਧੀ ਲਾਈਨ: 01689 899 585**

**ਰੈਸਪੈਕਟ (RESPECT)**
0845 122 8609 www.respect.uk.net
ਰੈਸਪੈਕਟ ਯੂ ਕੇ ਵਿਚ ਘਰੇਲੂ ਹਿੰਸਾ ਕਰਨ ਵਾਲਿਆਂ ਦੇ ਪ੍ਰੋਗਰਾਮਾਂ ਅਤੇ ਸੰਬੰਧਤ ਮਦਦ ਦੇਣ ਵਾਲਿਆਂ ਲਈ ਮੈਂਬਰਸ਼ਿਪ ਸੰਸਥਾ ਹੈ। ਘਰੇਲੂ ਹਿੰਸਾ ਦੇ ਪੀੜਿਤ ਲੋਕਾਂ ਦੀ ਸੁਰੱਖਿਆ ਨੂੰ ਵਧਾਉਣ ਲਈ ਹਿੰਸਾ ਕਰਨ ਵਾਲਿਆਂ 'ਤੇ ਵੱਧ ਕਾਬੂ ਰੱਖਣ ਦੇ ਕੰਮ ਵਲ ਇਹ ਪੂਰਾ ਧਿਆਨ ਦਿੰਦੇ ਹਨ।

**ਔਰਤਾਂ ਦੇ ਹੱਕ (Rights of Women)** http://www.rightsofwomen.org.uk/
ਇੰਜੰਕਸ਼ਨ ਹੈਂਡਬੁਕ ਆਰਡਰ ਫ਼ਾਰਮ http://www.rightsofwomen.org.uk/pdfs/dv_2nd_ed.pdf

- ਔਰਤਾਂ ਵਲੋਂ ਔਰਤਾਂ ਨੂੰ ਮੁਫ਼ਤ ਸਲਾਹ: 020 7251 6577
  ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਸ਼ਾਮ 2 ਤੋਂ 4 ਵਜੇ / 7 ਤੋਂ 9 ਵਜੇ; ਸ਼ੁੱਕਰਵਾਰ 12 ਤੋਂ 2 ਵਜੇ
- ਔਰਤਾਂ ਵਲੋਂ ਔਰਤਾਂ ਨੂੰ ਜਿਨਸੀ ਹਿੰਸਾ ਬਾਰੇ ਮੁਫ਼ਤ ਸਲਾਹ: 020 7251 8887
  ਸੋਮਵਾਰ ਦੁਪਹਿਰੇ 11 ਤੋਂ 1 ਵਜੇ ਤਕ ਅਤੇ ਮੰਗਲਵਾਰ ਸਵੇਰੇ 10 ਤੋਂ 12 ਵਜੇ ਤਕ

**ਸਾਊਥਾਲ ਬਲੈਕ ਸਿਸਟਰਜ਼ (Southall Black Sisters)** **www.southallblacksisters.org.uk/**
ਟੈਲੀਫ਼ੋਨ: 020 8571 9595 southallblacksisters@btconnect.com

ਵਿਕਟਿਮ ਸੁਪੋਰਟ ਵੈੱਬਸਾਈਟ www.victimsupport.org.uk
ਵਿਕਟਿਮ ਸੁਪੋਰਟ ਵਿਟਨੈੱਸ ਸਰਵਿਸ ਪਰਚਾ *Going to Court*
http://www.victimsupport.org.uk/vs_england_wales/coping_with_crime/criminal_justice_system/going_to_court_leaflet.pdf

**ਵੈਲਸ਼ ਵਿਮੈੱਨਜ਼ ਏਡ / ਡੋਮੈਸਟਿਕ ਅਬਿਊਜ਼ ਹੈਲਪਲਾਈਨ (Welsh Women's Aid / Domestic Abuse Helpline)**
**ਹੈਲਪਲਾਈਨ: 808 8010 800** **www.welshwomensaid.org**
ਵੈਲਸ਼ ਵਿਮੈੱਨਜ਼ ਏਡ ਅਜਿਹੀਆਂ ਸੇਵਾਵਾਂ ਦੇਣ ਵਾਲੀ ਸਿਰਕੱਢ ਸੰਸਥਾ ਹੈ ਜਿਹਨਾਂ ਸੇਵਾਵਾਂ ਦਾ ਮੰਤਵ ਉਹਨਾਂ ਨਿਰਬਲ ਔਰਤਾਂ ਤੇ ਬੱਚਿਆਂ ਦੀ ਮਦਦ ਕਰਨਾ ਹੈ ਜਿਹਨਾਂ ਨਾਲ ਵੇਲਜ਼ ਵਿਚ ਘਰੇਲੂ ਹਿੰਸਾ ਹੋ ਰਹੀ ਹੈ। ਵੈਲਸ਼ ਵਿਮੈੱਨਜ਼ ਏਡ ਅਜਿਹੀਕੌਮੀ ਪੱਧਰ ਦੀ ਸਾਂਝੀ ਚੈਰਿਟੀ ਹੈ ਜਿਹਦੇ ਮੈਂਬਰ ਔਰਤਾਂ ਨੂੰ ਮਦਦ ਦੇਣ ਵਾਲੇ ਪੂਰੇ ਵੇਲਜ਼ ਵਿਚ ਕੰਮ ਕਰਨ ਵਾਲੇ 35 ਗਰੁਪ ਹਨ।

**ਵਿਮੈੱਨਜ਼ ਏਡ (Women's Aid)** www.womensaid.org.uk
ਇਸ ਸਾਈਟ 'ਤੇ ਜਾਣਕਾਰੀ, ਹੈਲਪਲਾਈਨ, ਆਸਰਿਆਂ ਅਤੇ ਪਰਚਿਆਂ ਦੇ ਆਡਰ ਦੇਣ ਲਈ ਲਿੰਕ ਮਿਲ ਸਕਦੇ ਹਨ।

Young People and vulnerable adults facing forced marriage. Practice guidance for social workers:
http://www.fco.gov.uk/Files/kfile/Forced%20Marriage%20Guidelines%for%20social%20workers.pdf